# ਹੱਸਦੇ ਹੱਸਦੇ ਜਾਂਦੇ ਜਾਂਦੇ

(ਵਿਅੰਗਾਤਮਕ ਕਵਿਤਾਵਾਂ)

ਸ਼ੇਰ ਸਿੰਘ ਕੰਵਲ

*ਪੇਸ਼ਕਸ਼*

**ਰਘਬੀਰ ਰਚਨਾ ਪ੍ਰਕਾਸ਼ਨ**

© Author

Edition : 2009

Price : Rs. 135/-

ISBN : 978-81-7914-253-0

**Hasde Hasde Jande Jande**
(Parody Poetry)
By : Sher Singh Kanwal
228-60th ST.
Niagara Falls, NY-14304
(U.S.A.)

**Published by :**
Tarlochan Publishers
3236, Sector 15-D, Chandigarh
Tel. : 0172-4613236 (M) 98786 03236
E-mail : tarlochanpublishers@yahoo.co.in
&
Vartman Prakashan
22, New Market (Ist Floor)
West Patel Nagar, New Delhi-8
Email : aksmagazine@gmail.com
Tel. : 011-25888478

---

**ਹੱਸਦੇ ਹੱਸਦੇ ਜਾਂਦੇ ਜਾਂਦੇ** (ਵਿਅੰਗ) ਲੇਖਕ : ਸ਼ੇਰ ਸਿੰਘ ਕੰਵਲ
**ਪ੍ਰਕਾਸ਼ਕ** : ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ
**ਛਾਪਕ** : ਮੋਨਾ ਐਂਟਰਪ੍ਰਾਈਜਸ, ਦਿੱਲੀ
**ਕਵਰ** : ਲਲਿਤ

**ਪਿਆਰੇ ਮਿੱਤਰ**
**ਟਹਿਲ ਸਿੰਘ ਦੇ ਨਾਂ**

**ਲੇਖਕ ਦੀਆਂ ਹੋਰ ਰਚਨਾਵਾਂ :**

**ਕਾਵਿ-ਸੰਗ੍ਰਹਿ :**

* ਪੱਥਰ ਦੀ ਅੱਖ (1970)
* ਗੁਲਾਬ ਫ਼ਾਨੂਸ ਤੇ ਬਰਫ਼ (1977)
  (ਭਾਈ ਵੀਰ ਸਿੰਘ ਪੁਰਸਕਾਰ ਵਿਜੇਤਾ)
* ਆਨੰਦਪੁਰ ਬਨਾਮ ਦਿੱਲੀ (1977)
* ਮੋਹ ਮਹਿਲ (1981)
* ਸੰਦਲੀ ਰੁੱਤ (2006)
* ਮਿੱਟੀ ਦੇ ਮੋਰ (2006)

**ਗ਼ਜ਼ਲ-ਸੰਗ੍ਰਹਿ :**

* ਕਾਸ਼ਨੀ ਦੇ ਫੁੱਲ (2003)
  (ਸਰਵ-ਸ੍ਰੇਸ਼ਠ ਪੁਸਤਕ ਪੁਰਸਕਾਰ ਪ੍ਰਾਪਤ)

**ਵਾਰਤਕ :**

* ਰਾਜ ਕਰੇਗਾ ਖਾਲਸਾ

**ਛਪਣ ਹਿਤ :**

* ਕੱਚ ਦੀਆਂ ਮੁੰਦਰਾਂ (ਕਵਿਤਾ)
* ਚੀਨੇ ਕਬੂਤਰ (ਕਵਿਤਾ)
* ਢਾਈ ਪੱਤ ਮੱਛਲੀ ਦੇ (ਕਵਿਤਾ)
* ਕੇਸਗੜ੍ਹ ਦੇ ਕਿੰਗਰੇ (ਕਵਿਤਾ)
* ਬਾਰਾਦਰੀ (ਕਵਿਤਾ)
* ਕਿੱਸਾ ਪਰਦੇਸੀ ਰਾਂਝਣ (ਵਿਅੰਗ)
* ਪੰਜਾਬ ਦੇ ਮੇਲੇ (ਵਾਰਤਕ)
* ਮੇਲ-ਮੁਲਾਕਾਤਾਂ ਤੇ ਮੁਹਾਂਦਰੇ

# ਦੋ ਸ਼ਬਦ

ਵਿਅੰਗ-ਤਰੰਗ ਵਿੱਚ ਵਿਚਰਦਾ ਮਨੁੱਖ ਸਦਾ ਅਨੰਦਮਈ ਅਵਸਥਾ ਵਿੱਚ ਵਿਚਰਦਾ ਹੈ। ਵਿਅੰਗ ਇੱਕ ਉਹ ਤੀਰ ਹੈ ਜਿਸਨੂੰ ਕਲਪਨਾ ਦੀ ਕਮਾਨ 'ਤੇ ਚਾੜ੍ਹ ਕੇ ਮਨੁੱਖ ਆਪੇ ਤੋਂ ਲੈ ਕੇ ਦਿਸਹੱਦੇ ਤੱਕ ਦਿਸਦੇ ਨਿਸ਼ਾਨੇ ਫੁੰਡ ਸਕਦਾ ਹੈ।

ਵਿਅੰਗ ਮੇਰੀ ਜ਼ਿੰਦਗੀ ਦੇ ਹਮੇਸ਼ਾ ਅੰਗ-ਸੰਗ ਰਿਹਾ ਹੈ। ਸ਼ਾਇਦ ਇਸੇ ਕਾਰਨ ਮਹਾਨ ਪੰਜਾਬੀ ਚਿੰਤਕ ਤੇ ਲੇਖਕ ਪ੍ਰਿੰ: ਸੰਤ ਸਿੰਘ ਸੇਖੋਂ ਨੇ ਲਿਖਿਆ ਸੀ—

"ਉਸਦੇ ਕਥਨ ਤੇ ਵਿਚਾਰ ਵਿੱਚ ਪ੍ਰਧਾਨ ਤੱਤ ਵਿਅੰਗ ਦਾ ਹੈ, ਜਿਸਦਾ ਪੱਲਾ ਉਹ ਆਪਣੇ ਅਤਿ ਭਾਵੁਕ ਛਿਣਾਂ ਵਿਚ ਵੀ ਨਹੀਂ ਛੱਡਦਾ।"

(ਭੂਮਿਕਾ : ਗੁਲਾਬ, ਫ਼ਾਨੂਸ ਤੇ ਬਰਫ਼-1977)

ਅੱਸੀਵਿਆਂ ਵਿੱਚ ਅਮਰੀਕਾ ਆ ਕੇ ਜਦੋਂ ਮੈਂ ਪੰਜਾਬੀ ਦਾ ਪਹਿਲਾ ਪਹਿਲਾ ਮਾਸਿਕ-ਪੱਤਰ 'ਜਾਗੋ' ਕੱਢਿਆ ਤਾਂ ਇਸਦਾ ਬਹੁਤਾ ਮੈਟਰ ਮੈਨੂੰ ਆਪ ਹੀ ਲਿਖਣਾ ਪੈਂਦਾ ਸੀ। ਕੁਝ ਆਪਣੇ ਸੁਭਾਅ ਕਾਰਨ ਤੇ ਕੁਝ ਪਾਠਕਾਂ ਦੀ ਦਿਲਚਸਪੀ ਬਣਾਈ ਰੱਖਣ ਲਈ ਮੈਂ ਇਸ 'ਚ ਸਿਆਸਤ ਨਾਲ ਸੰਬੰਧਿਤ ਇੱਕ ਵਿਅੰਗਾਤਮਿਕ ਕਾਲਮ 'ਵਿਅੰਗ-ਵੱਢਾਂਗਾ' ਸ਼ੁਰੂ ਕੀਤਾ ਜਿਸਨੂੰ ਪਾਠਕ ਹੋਰ ਰਚਨਾਵਾਂ ਤੋਂ ਵੱਧ ਸਲਾਹੁੰਦੇ ਤੇ ਪਸੰਦ ਕਰਦੇ ਹਨ।

ਪੁਸਤਕ ਦੇ ਪਹਿਲੇ ਭਾਗ ਵਿੱਚ ਸਮੇਂ ਸਮੇਂ ਲਿਖੀਆਂ ਗਈਆਂ ਵਿਅੰਗਾਤਮਿਕ ਕਵਿਤਾਵਾਂ ਹਨ ਤੇ ਦੂਜੇ ਭਾਗ ਅਥਵਾ 'ਵਿਅੰਗ-ਵੱਢਾਂਗਾ' ਵਿੱਚ ਤਤਕਾਲੀਨ ਗਰਮ-ਗਰਮ ਸਿੱਖ ਸਿਆਸਤ ਦੇ ਦਰਸ਼ਨ ਦੀਦਾਰੇ ਤੇ ਝਲਕਾਰੇ!

ਜਿੰਨੇ ਖੁੱਲ੍ਹ ਖੁਲਾਸੇ ਸੁਭਾਅ ਨਾਲ ਮੈਂ ਇਸ (ਖਾਸ ਕਰ ਸਮੇਂ ਦੀ ਸਿੱਖ ਸਿਆਸਤ ਨਾਲ ਸੰਬੰਧਿਤ) ਵਿਅੰਗ ਨੂੰ ਕਲਮਬੰਦ ਕੀਤਾ ਹੈ, ਉਮੀਦ ਹੈ ਪਾਠਕ ਵੀ ਇਸਨੂੰ ਓਨੀ ਹੀ ਖੁੱਲ੍ਹਦਿਲੀ ਨਾਲ ਪੜ੍ਹ ਕੇ ਮਾਨਣਗੇ ਤੇ ਨਿਹਾਲ ਹੋਣਗੇ!

25 ਮਈ, 2008 — **ਸ਼ੇਰ ਸਿੰਘ ਕੰਵਲ**

## ਜੀਵਨ ਬਿਉਰਾ

| | | |
|---|---|---|
| ਨਾਮ | : | ਸ਼ੇਰ ਸਿੰਘ ਕੰਵਲ |
| ਜਨਮ | : | 15 ਦਸੰਬਰ, 1943 |
| ਜਨਮ ਸਥਾਨ | : | ਤਲਵੰਡੀ ਮੱਲ੍ਹੀਆਂ, ਜ਼ਿਲ੍ਹਾ ਫਿਰੋਜ਼ਪੁਰ (ਹੁਣ ਮੋਗਾ) |
| ਪਿਤਾ | : | ਸਰਦਾਰ ਚੰਨਣ ਸਿੰਘ ਬਾਸੀ |
| ਮਾਤਾ | : | ਸਰਦਾਰਨੀ ਸ਼ਾਮ ਕੌਰ |
| ਪਤਨੀ | : | ਸਰਦਾਰਨੀ ਸਤਵੰਤ ਕੌਰ |
| ਬੱਚੇ | : | ਹਰਿਸਿਮਰਨ ਕੌਰ (ਬੇਟੀ) |
| | | ਹਰਿਕੀਰਤ ਸਿੰਘ (ਬੇਟਾ) |
| ਵਿੱਦਿਅਕ ਯੋਗਤਾ | : | ਐਮ.ਏ. |

• ਖੇਤੀਬਾੜੀ ਵਿਭਾਗ 'ਚ ਕੰਮ ਕਰਨ ਉਪਰੰਤ ਬੀ.ਐਡ. ਕਰਕੇ ਕੁਝ ਸਕੂਲਾਂ 'ਚ ਥੋੜ੍ਹੇ ਅਰਸੇ ਲਈ ਨੌਕਰੀ ਕਰਕੇ ਕੁਝ ਸਮਾਂ ਗੌਰਮਿੰਟ ਕਾਲਜ ਟਾਂਡਾ, ਗੌਰਮਿੰਟ ਕਾਲਜ ਕਰਮਸਰ ਤੇ ਮਗਰੋਂ ਮੁਖੀ ਪੰਜਾਬੀ ਵਿਭਾਗ ਗੁਰੂ ਨਾਨਕ ਕਾਲਜ ਮੋਗਾ ਹੁੰਦਿਆਂ ਨੌਕਰੀ ਛੱਡ ਕੇ 1980 'ਚ ਅਮਰੀਕਾ ਨਿਵਾਸ।

• 1964 'ਚ ਰੋਜ਼ਾਨਾ 'ਨਵੀਂ ਪ੍ਰਭਾਤ' ਕਲਕੱਤਾ ਦੀ ਸਬ-ਐਡੀਟਰੀ ਨਾਲ ਪੰਜਾਬੀ ਪੱਤਰਕਾਰੀ 'ਚ ਪ੍ਰਵੇਸ਼ ਕਰਕੇ ਦੇਸ਼ ਵਿਦੇਸ਼ 'ਚ ਵਿਚਰਦਿਆਂ ਪੰਜਾਬੀ ਪੱਤਰਾਂ ਲਈ ਨਿਰੰਤਰ ਲਿਖਿਆ ਤੇ 1985 'ਚ ਕੈਲੇਫ਼ੋਰਨੀਆਂ (ਅਮਰੀਕਾ) ਤੋਂ ਪਹਿਲਾ ਸਾਹਿਤਕ ਪੰਜਾਬੀ ਮਾਸਿਕ ਪੱਤਰ 'ਜਾਗੋ' ਪ੍ਰਕਾਸ਼ਿਤ ਕਰਨਾ ਆਰੰਭ ਕੀਤਾ। ਕਵਿਤਾ ਤੋਂ ਬਿਨ੍ਹਾਂ ਸਿੱਖਾਂ ਦੇ ਧਾਰਮਿਕ ਸਿਆਸੀ ਮਸਲਿਆਂ 'ਤੇ ਪੰਜਾਬ ਦੇ ਮੇਲਿਆਂ ਸੰਬੰਧੀ ਸੈਂਕੜੇ ਆਰਟੀਕਲ ਲਿਖੇ।

• 1978 'ਚ 'ਗ਼ੁਲਾਬ, ਫ਼ਾਨੂਸ ਤੇ ਬਰਫ਼' ਉੱਤੇ। ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵੱਲੋਂ ਭਾਈ ਵੀਰ ਸਿੰਘ ਪੁਰਸਕਾਰ ਤੇ ਅਨੇਕ ਸਾਹਿਤ ਸਭਾਵਾਂ ਤੇ ਸੰਸਥਾਵਾਂ ਵੱਲੋਂ ਕਈ ਸਨਮਾਣ।

• ਸੰਸਾਰ ਵਿੱਚ ਸਭ ਤੋਂ ਲੰਮੀ ਤੋਰੀ (Longest Zucchini Courgette) ਪੈਦਾ ਕਰਕੇ, ਕਿਸੇ ਖੇਤੀ ਉਪਜ ਲਈ ਪਹਿਲੇ ਸਿੱਖ, ਪੰਜਾਬੀ ਤੇ ਭਾਰਤੀ ਮੂਲ ਦੇ ਵਿਅਕਤੀ ਵਜੋਂ 2002 ਅਤੇ 2003 ਵਿੱਚ ਦੋ ਵੇਰ 'ਗਿਨੀਸ ਵਰਲਡ ਰਿਕਾਰਡ' ਕਾਇਮ ਕੀਤਾ।



## ਝਰੋਖਾ

* ਦੋ ਸ਼ਬਦ 5
* ਮੁਲਾਕਾਤ 9
* ਮੇਰੇ ਵਤਨ 13
* ਇਲਾਜ 22
* ਗੁਰੂ ਗੋਬਿੰਦ ਸਿੰਘ-ਮਾਰਗ 25
* ਕੰਬਲੀ 27
* ਲੀਡਰ 31
* ਸੁੱਖ-ਸਾਂਦ 37
* ਤੋਰੀ ਫੁਲਕਾ 43

### ਵਿਅੰਗ-ਵੱਢਾਂਗਾ

1. ਇੱਕ ਰਾਜਸੀ ਗੁਰੂ ਦਾ 54
2. ਅਕਾਲ ਤਖ਼ਤ ਤੇ 55
3. ਜੇਲ੍ਹੋਂ ਛੁੱਟਦਿਆਂ ਕਿਹਾ 56
4. ਲੌਂਗੋਵਾਲ ਨੂੰ ਮੁਕਤਸਰ 57
5. ਲੌਂਗੋਵਾਲ ਜੀ ਰੁੱਸ ਕੇ 58
6. ਸੌਣ ਭਾਦਰੋਂ ਦੀ ਲੰਬੀ ਝੜੀ 59
7. ਵਜ਼ੀਰ 60
8. ਸਿਆਸਤਦਾਨ 61
9. ਪਹਿਰੇਦਾਰ ਬਰਨਾਲੇ ਨੂੰ ਘੇਰਿਓ 61
10. ਇੱਕ ਦਿਨ ਬਾਦਲ ਬੱਤਾ ਪੀਵੇ 63
11. ਡਿੱਠਾ ਖ਼ਾਬ ਅੰਦਰ 64
12. ਚਿੱਟਾ ਬਾਣਾ ਮਿੱਠੀ ਬਾਣੀ 66
13. ਢਿੱਲੋਂ ਕਿਹਾ ਰਾਜੀਵ ਹੈ ਅਜੇ ਕਾਕਾ 67
14. ਕੱਲ੍ਹ ਫ਼ਕੀਰਾਂ ਤਕੀਏ ਬਹਿ ਕੇ 68
15. ਅਸੀਂ ਪੰਥ ਦੇ 69
16. ਤਦੇ ਰਵੀਏ ਪਊ ਪੰਥ 70

17. ਨੰਦ ਕੁਰ ਚੰਦ ਕੁਰ 72
18. ਸਿੱਧਰੇ ਭਾਈ ਬਾਗੜੀਆਂ ਜੀ 74
19. ਕੱਲ੍ਹ ਸਟੇਜੀਂ ਸਨ ਬੁੜ੍ਹਕਦੇ 75
20. ਜਥੇਬੰਦੀ ਹੈ ਪਤਨੀ ਵਰਗੀ 77
21. ਖ਼ਬਰ ਖ਼ੁਸ਼ੀ ਦੀ ਰਾਂਝੇ ਨੂੰ 78
22. ਕਾਹਦੀ ਬਾਦਲਾ ਤੈਂਡੜੀ 80
23. ਨੇਤਾ 81
24. ਕੁੱਤਕਾ 82
25. ਕੱਢੇ ਇਓਂ ਵੇਦਾਂਤੀ ਅਕਾਲ ਤਖ਼ਤੋਂ 82
26. ਬਿਗਲ ਆਣ ਕੇ ਵੱਜਿਆ 83
27. ਲਿਆ ਗੋਦ ਪਟਿਆਲਾ 84
28. ਰਾਹੁਲ ਮਿਲਿਆ ਬਠਿੰਡੇ ਵਿੱਚ 85
29. ਪੇਲਿਨ ਉੱਤੇ ਜ਼ਰਦਾਰੀ 86
30. ਮਿਰਕਣ ਅਤੇ ਕੈਨੇਡਾ ਵਿੱਚ 87
31. ਫ਼ੱਕਰਾ ਸੌਕਣ ਨੂੰ ਪੈਂਦੀ ਹੈ 88
32. ਮਨਸੇ ਕਿਹਾ ਅਡਵਾਨੀ ਨੂੰ 89
33. ਮਸਾਂ ਅਜੇ ਅਮਰੀਕਾ ਦੀ 90
34. ਗੁਰਤਾ-ਗੱਦੀ ਸਮਾਗਮ ਦੇ 91
35. ਆਈ! ਬੱਲੇ ਵਈ ਚੋਣਾ ਦੀ ਰੁੱਤ 92
36. ਜੇਕਰ ਭਾਰ ਵਧੇ ਸਿਰੇ 93
37. ਪ੍ਰਗਿਆ ਸਾਧਣੀ ਵੱਡਾ ਇਤਰਾਜ਼ ਕੀਤਾ 94
38. ਐਨ.ਆਰ. ਆਈ. ਸੰਮੇਲਨ ਵਿਚ 95

## ਮੁਲਾਕਾਤ

ਮੈਂ ਤਾਂ ਤੁਹਾਡੇ ਨਾਲ ਇੱਕ ਮੁਲਾਕਾਤ ਹੀ ਕਰਨੀ ਹੈ।
ਬਸ ਇੱਕ ਸਰਸਰੀ ਜਿਹੀ ਬਾਤ ਹੀ ਕਰਨੀ ਹੈ!!
ਜ਼ਰਾ ਗ਼ੌਰ ਫਰਮਾਉਣਾ—ਮੇਰੇ ਹਜ਼ੂਰ!!!

ਸ਼ਿਸ਼ਟਾਚਾਰ ਦਾ ਤਕਾਜ਼ਾ ਮੰਗ ਕਰਦਾ ਹੈ
ਕਿ ਮੈਂ ਪਹਿਲੋਂ ਤੁਹਾਡੇ ਨਾਲ ਆਪਣਾ ਪਰੀਚੈ ਕਰਾਵਾਂ।
ਤੁਹਾਡੀਆਂ ਅੱਖਾਂ ਵਿੱਚਲੇ ਪ੍ਰਸ਼ਨ ਚਿੰਨ੍ਹ ਦਾ ਉੱਤਰ ਦੇਵਾਂ
ਆਪਣੀ ਗੱਲ ਸੁਣਾਵਾਂ ਤੇ ਪਰਤ ਜਾਵਾਂ!

ਵੈਸੇ, ਮੈਂ ਕੋਈ ਦਾਰਸ਼ਨਿਕ ਨਹੀਂ—ਮੇਰੇ ਹਜ਼ੂਰ!
ਜੋ ਆਪਣੀ ਖੋਪਰੀ ਦੇ ਜ਼ੋਰ ਨਾਲ
ਤੁਹਾਡੀ ਖੋਪਰੀ ਪੁੱਠੀ ਕਰਾਂਗਾ ਤੇ ਤੁਹਾਡੀ ਅਕਲ ਨੂੰ ਚਕਰਾਵਾਂਗਾ!
ਜਾਂ ਆਪਣੇ ਦਰਸ਼ਨ ਦੇ ਚਾਨਣ ਨਾਲ
ਤੁਹਾਡੀਆਂ ਅੱਖਾਂ ਚੁੰਧਿਆਵਾਂਗਾ ਤੇ ਤੁਹਾਨੂੰ ਭੰਬਰ ਤਾਰੇ ਦਿਖਾਵਾਂਗਾ!!!

ਤੇ ਨਾ ਹੀ ਮੈਂ ਕੋਈ ਨੇਤਾ ਹਾਂ—ਮੇਰੇ ਹਜ਼ੂਰ!
ਜੋ ਥਾਲੀ ਵਿੱਚ ਪਰੋਸ ਕੇ
ਤੁਹਾਡੇ ਲਈ ਕੋਈ ਨਵਾਂ ਵਾਦ ਲੈ ਕੇ ਆਇਆ ਹਾਂ।
ਨਾ ਮੈਂ ਆਪਣੇ ਅਕਾਊ-ਭਾਸ਼ਨ ਨਾਲ ਤੁਹਾਨੂੰ ਬੋਰ ਹੀ ਕਰਨਾ ਹੈ
ਤੇ ਨਾ ਹੀ ਮੈਂ ਤੁਹਾਡੀਆਂ ਵੋਟਾਂ ਮੁੱਛਣ ਲਈ
ਕੋਈ ਦਿਲ-ਚੀਰਵੀਂ ਫ਼ਰਿਆਦ ਲੈ ਕੇ ਆਇਆ ਹਾਂ।

ਮੈਂ ਕੋਈ ਟਕਸਾਲੀ ਕਰਾਂਤੀਕਾਰੀ ਜਾਂ ਸਿੱਕੇਬੰਦ ਨਕਸਲਬਾੜੀ ਵੀ ਨਹੀਂ
ਜੋ ਤੁਹਾਡੇ ਚੌਗਿਰਦੇ ਵਿੱਚ ਦਹਿਸ਼ਤ ਫੈਲਾਵਾਂਗਾ।
ਤੁਹਾਡੇ ਤੇ ਕੋਈ ਹੈਂਡ-ਗਰਨੇਡ ਸੁੱਟਾਂਗਾ
ਜਾਂ ਤੁਹਾਨੂੰ ਭੁੰਡਣ ਲਈ ਕੋਈ ਗੋਲੀ ਚਲਾਵਾਂਗਾ।

ਨਾ ਹੀ ਮੈਂ ਕੋਈ ਮੁਖੌਟਾਧਾਰੀ ਇਨਕਲਾਬੀ ਹਾਂ—ਮੇਰੇ ਹਜ਼ੂਰ!
ਜੋ ਤੁਹਾਡੇ ਕੋਲ ਕੋਈ ਨਕਲੀ ਪਟਾਕਾ ਚਲਾ ਕੇ ਤੁਹਾਨੂੰ ਡਰਾਵਾਂਗਾ।

ਫਿਰ ਇਸਦਾ ਧੂੰਆਂ ਛਟਣ ਤੇ ਹਵਾ ਵਿੱਚ ਆਪਣਾ ਮੁੱਕਾ ਲਹਿਰਾਵਾਂਗਾ
ਅਤੇ ਤੁਹਾਡੀ ਕਮਜ਼ੋਰੀ ਤੇ ਮੁਸਕਰਾਵਾਂਗਾ।

ਨਾ ਮੈਂ ਸੱਜਾ ਹਾਂ ਤੇ ਨਾ ਖੱਬਾ
ਇਹ ਦਿਸ਼ਾਵਾਂ ਤੁਹਾਨੂੰ ਹੀ ਮੁਬਾਰਕ—ਹਜ਼ੂਰ!
ਪਰ ਮੈਂ ਖੱਬੇ ਨੂੰ ਕੋਈ ਬੇਦਾਵਾ ਨਹੀਂ ਲਿਖਿਆ
ਤੇ ਸੱਜੇ ਨੂੰ ਕੋਈ ਤਿਲਾਂਜਲੀ ਵੀ ਨਹੀਂ ਦਿੱਤੀ
ਮੈਂ ਤਾਂ ਜ਼ਿੰਦਗੀ ਦੀ ਸਿੱਧੀ ਸਪਾਟ ਸੜਕ ਦਾ
ਇੱਕ ਸਾਧਾਰਨ ਜਿਹਾ ਪਾਂਧੀ ਹਾਂ
ਜਿਸਨੇ ਤੁਹਾਡੇ ਸੜਕਾਂ ਦੇ ਇਹਨਾਂ ਕੂੜੇ ਨਿਯਮਾਂ ਦੇ ਸਹਿਮ ਨੂੰ
ਆਪਣੇ ਮੱਥੇ ਚੋਂ ਛੰਡਿਆ ਹੈ।
ਮੈਂ ਮਨੁੱਖ ਨੂੰ ਸਿਰਫ਼ ਮਨੁੱਖ ਹੀ ਸਮਝਦਾ ਹਾਂ ਹਜ਼ੂਰ
ਤੇ ਨਾ ਹੀ ਮੈਂ ਕਦੇ ਮਨੁੱਖੀ ਵਿਵਹਾਰ ਨੂੰ
ਖਾਨਿਆਂ ਜਾਂ ਰਖਣਿਆਂ ਵਿੱਚ ਵੰਡਿਆ ਹੈ।

ਮੇਰੇ ਇੱਕ ਹੱਥ ਵਿੱਚ ਘੁੱਗੀ ਵੀ ਨਹੀਂ—
ਤੇ ਨਾ ਹੀ ਦੂਸਰੇ ਵਿੱਚ ਸਫ਼ੈਦ ਝੰਡਾ
ਮੈਂ ਤੁਹਾਨੂੰ ਸੀਤ ਨਗ਼ਮੇ ਵੀ ਨਹੀਂ ਸੁਣਾਵਾਂਗਾ।
ਪਰ ਇਸਦੇ ਐਨ੍ਹ ਉਲਟ ਮੈਂ ਅੱਤ ਵੀ ਨਹੀਂ ਚੁੱਕੀ ਹੋਈ—ਹਜ਼ੂਰ!
ਜੋ ਤੁਹਾਡੇ ਸਿਰ 'ਤੇ ਬਗ਼ਾਵਤ ਦਾ ਪਰਚਮ ਲਹਿਰਾਵਾਂਗਾ
ਜਾਂ ਤੁਹਾਡੇ ਖਿਲਾਫ਼ ਕੋਈ ਛੜਯੰਤਰ ਰਚਾਂਗਾ
ਅਤੇ ਤੁਹਾਡਾ ਤਖ਼ਤਾ ਉਲਟਾਵਾਂਗਾ।

ਮੁਆਫ਼ ਕਰਨਾ!
ਮੈਂ ਰੰਗਲੀ ਸਵੇਰ ਵੇਖਣ ਲਈ ਪੂਰਬ ਵੱਲ ਵੀ ਝਾਕਿਆ ਹੋਵਾਂਗਾ
ਤੇ ਸੰਦਲੀ ਸ਼ਾਮ ਤੱਕਣ ਲਈ ਪੱਛਮ ਵੱਲ ਵੀ ਤਾਂਘਿਆ ਹੋਵਾਂਗਾ।
ਮੈਨੂੰ ਪਤਾ ਹੈ ਤੁਸੀਂ ਮੇਰੇ ਤੇ ਦਿਸ਼ਾਹੀਣ ਹੋਣ ਦਾ ਦੋਸ਼ ਵੀ ਲਾਵੋਗੇ
ਮੈਨੂੰ ਤਾਲੋਂ ਘੁੱਥੀ ਡੂੰਮਣੀ ਨਾਲ ਤੁਲਨਾ ਦੇਵੋਗੇ
ਜਾਂ ਮੇਰੇ ਮੱਥੇ ਤੇ ਭਟਕਣ ਦਾ ਟਿੱਕਾ ਲਗਾਵੋਗੇ
ਤੇ ਮੇਰੀ ਖਿਲੀ ਉਡਾਵੋਗੇ।
ਪਰ ਮੈਂ ਕੋਈ ਐਨਕਾਂ ਵਾਲਾ ਤਾਂਗੇ ਦਾ ਘੋੜਾ ਨਹੀਂ ਹਜ਼ੂਰ!



ਜਿਸਨੇ ਟੇਸ਼ਣ ਤੋਂ ਘੰਟਾ ਘਰ ਜਾਂ ਘੰਟਾ ਘਰ ਤੋਂ ਟੇਸ਼ਣ ਹੀ ਜਾਣਾ ਹੈ।
ਜਿਸਦਾ ਬਾਜ਼ਾਰ ਦੇ ਦੁਪਾਸੀ ਖੁੱਲ੍ਹੀਆਂ ਦੁਕਾਨਾਂ
ਤੇ ਸੜਕ ਉਪਰ ਸਰਕਦੀ ਜ਼ਿੰਦਗੀ ਨਾਲ ਕੋਈ ਵਾਸਤਾ ਨਹੀਂ
ਜਿਸਨੇ ਬਸ ਇੱਕ ਨਿਸ਼ਚਿਤ ਸਫ਼ਰ ਹੀ ਕਰਨਾ ਹੈ
ਤੇ ਜਾਂ ਕਿਸੇ ਹਾਦਸੇ ਵਿੱਚ ਹੀ ਮਰ ਜਾਣਾ ਹੈ!

ਮੈਨੂੰ ਪਰੰਪਰਾਵਾਦੀ ਆਖ ਲੈਣਾ
ਪਰ ਇਹ ਨਾ ਭੁੱਲਣਾ—ਹਜ਼ੂਰ!
ਕਿ ਮੈਂ ਆਦਮ ਦੇ ਚੌਖਟੇ ਨੂੰ ਕੁਝ ਤਾਂ ਭੰਨਿਆ ਹੀ ਹੋਵੇਗਾ।
ਮੇਰੇ ਵਿੱਚ ਬੇਸ਼ੱਕ ਕੁਝ ਉਸਦਾ ਸਰੂਪ ਹੋਏਗਾ ਤੇ ਆਤਮਾ ਵੀ
ਮੈਂ ਮੁਨਕਰ ਨਹੀਂ
ਮੇਰੀ ਆਦਮ ਨਾਲ ਅੰਗਲੀ-ਸੰਗਲੀ ਜੋ ਰਲਦੀ ਹੈ!
ਪਰ ਮੇਰੀ 'ਮੈਂ' ਵਿੱਚ ਕੁਝ ਮੇਰਾ ਆਪਣਾ ਵੀ ਹੈ
ਮੈਂ ਉਸਦੀ ਕੋਈ ਗੱਲ ਕੱਟੀ ਵੀ ਹੋਵੇਗੀ
ਪਰ ਕਦੇ ਉਸਦਾ ਕਿਹਾ ਮੰਨਿਆ ਵੀ ਹੋਵੇਗਾ।

ਮੈਂ ਤੁਹਾਨੂੰ ਆਪਣੇ ਆਦਰਸ਼ਵਾਦ
ਜਾਂ ਯਥਾਰਥਵਾਦ ਦੀ ਕੋਈ ਸਨਦ ਨਹੀਂ ਦਿਖਾਵਾਂਗਾ।
ਤੇ ਨਾ ਹੀ ਮੈਂ ਕੋਈ ਪ੍ਰਯੋਗਵਾਦੀ ਹੀ ਹਾਂ ਹਜ਼ੂਰ
ਜੋ ਤੁਹਾਡੀ ਖਲੜੀ ਤੇ ਕੋਈ ਨਵਾਂ ਪ੍ਰਯੋਗ
ਕਰਨ ਦਾ ਪ੍ਰਪੰਚ ਰਚਾਵਾਂਗਾ।
ਤੇ ਤੁਹਾਡਾ ਧਿਆਨ ਖਿੱਚਣ ਜਾਂ ਆਪਣੀ ਰੁਤਬਾ-ਬੁਲੰਦੀ ਲਈ
ਪੇਪਰ ਲਿਖਾਂਗਾ ਤੇ ਗੋਸ਼ਟੀਆਂ ਕਰਵਾਵਾਂਗਾ।
ਫਿਰ ਆਪਣੀ ਅਸਫ਼ਲਤਾ ਨੂੰ ਦਾਰੂ ਦੇ ਪਿਆਲੇ 'ਚ ਡੋਬਾਂਗਾ
ਜਾਂ ਸਫ਼ਲਤਾ ਦੀ ਸੁਰਖ਼ੀ ਕਿਸੇ ਅਖ਼ਬਾਰ 'ਚ ਲਵਾਵਾਂਗਾ।

ਮੈਂ ਚਾਨਣੀ ਰਾਤ ਵਿੱਚ
ਪਿਆਰ ਦੀ ਹੁਸੀਨ ਵਾਦੀ 'ਚੋਂ ਗੁਜ਼ਰਿਆ ਹਾਂ
ਤੇ ਰੰਗਾਂ ਦੀ ਬਾਰਿਸ਼ ਮੈਂ ਸਿਰ ਤੇ ਵਰ੍ਹਾਈ ਹੈ।
ਮੈਨੂੰ ਹਨੇਰੇ ਜੰਗਲ 'ਚ ਦੁ-ਮੂੰਹੀਆਂ ਦੋਸਤੀਆਂ ਨੇ ਡੱਸਿਆ
ਤੇ ਨਿਰਾਸ਼ਾ ਦੇ ਫ਼ਨੀਅਰ ਨਾਗਾਂ ਨੇ ਡੰਗਿਆ ਹੈ

ਮੈਂ ਉਨ੍ਹਾਂ ਦੀ ਪੀੜ੍ਹ ਆਪਣੇ ਅੰਗਾਂ ਤੇ ਹੰਢਾਈ ਹੈ।
ਪਰ ਤੁਸੀਂ ਮੇਰੇ ਦੋ ਉਦਾਸ ਬੋਲਾਂ ਨੂੰ ਸੁਣ ਕੇ
ਮੈਨੂੰ ਨਿਰਾਸ਼ਾਵਾਦੀ ਹੋਣ ਦਾ ਫ਼ਤਵਾ ਹੀ ਨਾ ਸੁਣਾ ਦੇਣਾ।
ਤੇ ਮੇਰੇ ਹੋਠਾਂ ਤੇ ਲਹਿਰਦੀ ਇੱਕੋ ਮੁਸਕਾਨ ਨੂੰ ਤੱਕ ਕੇ
ਮੈਨੂੰ ਆਸ਼ਾ ਦਾ ਮੱਘਦਾ ਸੂਰਜ ਵੀ ਨਾ ਬਣਾ ਦੇਣਾ।

ਵੈਸੇ, ਮੈਨੂੰ ਪਤਾ ਹੈ
ਤੇ ਮੈਂ ਅਖ਼ੌਤੀ ਆਲੋਚਕਾਂ ਤੋਂ ਕੰਨ ਨਹੀਂ ਭੰਨਦਾ ਹਜ਼ੂਰ!
ਕਿਉਂਕਿ ਉਹ ਵਿਚਾਰੇ ਕੁਝ ਕਹਿਣ ਲਈ ਹੀ ਬਣੇ ਹਨ ਤੇ
ਕਹਿੰਦੇ ਹੀ ਰਹਿਣਗੇ।
ਉਹਨਾਂ ਦੀਆਂ ਸਿਧਾਂਤਾਂ ਦੀਆਂ ਫੈਕਟਰੀਆਂ ਹਨ
ਤੇ ਉਸਤਤ-ਨਿੰਦਿਆ ਦਾ ਧੰਦਾ ਹੈ
ਉਹ ਆਦਿ ਤੋਂ ਕਰਦੇ ਆਏ ਹਨ ਤੇ ਕਰਦੇ ਹੀ ਰਹਿਣਗੇ!
ਮੈਂ ਤਾਂ ਇੱਕੋ ਹੀ ਗੁਜ਼ਾਰਿਸ਼ ਕਰਨੀ ਹੈ—ਹਜ਼ੂਰ!
ਮੇਰੇ ਗਲੇ 'ਚ ਕਿਸੇ ਗਰੁੱਪ ਦਾ ਟੋਕਨ ਨਾ ਲਟਕਾਣਾ।
ਮੈਨੂੰ ਕਿਸੇ ਇੱਕ ਸਿਧਾਂਤ ਦੇ ਗਜ਼ ਨਾਲ ਨਾ ਮਾਪਣਾ
ਮੇਰੇ ਮੱਥੇ ਤੇ ਕਿਸੇ ਵਾਦ ਦਾ ਲੇਬਲ ਵੀ ਨਾ ਲਾਣਾ।

ਮੈਂ ਤੁਹਾਡੀ ਕਸਮ ਖਾਂਦਾ ਹਾਂ
ਕਿ ਮੈਂ ਤੁਹਾਡੀ ਮਹਿਫ਼ਲ 'ਚ ਜੋ ਵੀ ਕਹਾਂਗਾ
ਸੱਚ ਸੱਚ ਹੀ ਕਹਾਂਗਾ
ਤੇ ਮੈਂ ਆਪਣਾ ਦਿਲ ਤੁਹਾਡੇ ਕਦਮਾਂ 'ਚ ਧਰਦਾ ਹਾਂ।
ਜ਼ਰਾ ਗ਼ੌਰ ਫਰਮਾਉਣਾ ਹਜ਼ੂਰ
ਮੈਂ ਅਪਣਾ ਨਗ਼ਮਾ ਅਰਜ਼ ਕਰਦਾ ਹਾਂ।



## ਮੇਰੇ ਵਤਨ

ਮੇਰੇ ਵਤਨ—
ਕੱਲ੍ਹ ਸੁਬ੍ਹਾ ਮੈਂ ਤੇਰੀ
ਮਾਂ ਵਰਗੀ ਨਿੱਘੀ ਧਰਤ ਤੋਂ ਦੂਰ ਚਲੇ ਜਾਣਾ ਹੈ।
ਤੇ ਪਤਾ ਨਹੀਂ ਕਿੰਨੇ ਵਰ੍ਹਿਆਂ ਬਾਦ
ਪਰਤ ਕੇ ਆਣਾ ਵੀ ਹੈ ਜਾਂ ਨਹੀਂ ਆਣਾ ਹੈ !

ਉਂਝ ਮੈਨੂੰ ਬੜੇ ਹੀ ਪਿਆਰੇ ਹਨ
ਤੇਰੇ ਬਦਲਦੇ ਮੌਸਮ, ਹਰੇ ਖੇਤ, ਦਰਿਆ
ਤੇ ਦਰਿਆਵਾਂ ਵਿੱਚ ਸ਼ੂਕਦੇ ਪਾਣੀ।
ਅੰਬਰ ਵਿੱਚ ਉੱਡਦੇ ਰੰਗੀਨ ਪੰਛੀ
ਚਰਦੇ ਇੱਜੜ ਬੁੱਢੇ ਮਾਂ-ਬਾਪ ਮਿੱਤਰ
ਤੇ ਬਚਪਨ ਦੇ ਹਾਣੀ।

ਮੇਰੇ ਵਤਨ—
ਮੈਂ ਤੇਰੀ ਤਾਰੀਖ਼ ਵਾਚੀ ਹੈ ਤੇ ਮੈਂ ਤੇਰੇ ਤੇ ਮਾਨ ਕਰਦਾ ਹਾਂ
ਮੈਂ ਤੇਰੀ ਕਸਮ ਖਾ ਕੇ ਕਹਿੰਦਾ ਹਾਂ
ਕਿ ਮੈਂ ਤੇਰਾ ਸਨਮਾਨ ਕਰਦਾ ਹਾਂ ! ਤੈਨੂੰ ਪ੍ਰਣਾਮ ਕਰਦਾ ਹਾਂ !!
ਮੈਂ ਬੇਸ਼ੱਕ ਤੇਰੀ ਧਰਤ ਤੋਂ ਦੂਰ ਚੱਲਿਆ ਹਾਂ
ਪਰ ਤੂੰ ਮੇਰੇ ਦਿਲ 'ਚ ਤਾਂ ਮੇਰੇ ਨਾਲ ਹੀ ਰਹਿਣਾ ਹੈ।
ਕੱਲ੍ਹ ਨੂੰ ਪਰਦੇਸ ਵਿੱਚ ਕਿਸੇ ਉਦਾਸੀ ਸ਼ਾਮ ਵਿੱਚ
ਉਦਾਸ ਵੀ ਹੋਵਾਂਗਾ ਤਾਂ ਮੈਂ ਤੇਰਾ ਨਾਮ ਹੀ ਲੈਣਾ ਹੈ।

ਤੇ ਨਾਮ ਲੈ ਕੇ ਹੀ ਰੋ ਪੈਣਾ ਹੈ !
ਮਜਬੂਰੀ ਤਾਂ ਬਸ ਚੰਦਰੇ ਪੇਟ ਦੀ ਹੀ ਹੈ
ਜਿਸ ਲਈ ਤੂੰ ਜਾਣਦਾ ਹੈਂ ਮੈਂ ਜਾ ਰਿਹਾ ਹਾਂ।
ਉਂਜ ਮੈਂ ਤੇਰੀ ਗੋਦ ਨੂੰ ਛੱਡ ਕੇ ਜਾਣ ਤੇ
ਸੱਚ ਜਾਣੀਂ ਦਿਲੋਂ ਪਛਤਾ ਰਿਹਾ ਹਾਂ।
ਬਹੁਤ ਪਛਤਾ ਰਿਹਾ ਹਾਂ !

ਜਦੋਂ ਵੀ ਕਦੇ ਫੈਕਟਰੀ ਵਿੱਚ ਲੰਚ-ਟਾਈਮ ਤੇ
ਅਸੀਂ ਪਰਵਾਸੀ ਆਪਣੇ ਮੁਲਕਾਂ ਦੀ ਗੱਲ ਕਰਾਂਗੇ
ਮੈਂ ਤੇਰਾ ਦਮ ਭਰਾਂਗਾ—ਤੂੰ ਫ਼ਿਕਰ ਨਾ ਕਰੀਂ !
ਮੈਂ ਤੇਰੀ ਹਰ ਲੁਕੋਣ ਵਾਲੀ ਗੱਲ ਨੂੰ ਲੁਕੋਵਾਂਗਾ
ਤੇ ਉਛਾਲਣ ਵਾਲੀ ਨੂੰ ਉਛਾਲਾਂਗਾ
ਤੇ ਤੇਰੀ ਭਰਵੀਂ ਪ੍ਰਸ਼ੰਸਾ ਕਰਾਂਗਾ—ਤੂੰ ਫ਼ਿਕਰ ਨਾ ਕਰੀਂ।

ਮੈਂ ਤੇਰੇ ਨਾਲ ਅੱਜ ਵਚਨ ਕਰਦਾ ਹਾਂ—ਮੇਰੇ ਵਤਨ !
ਮੈਂ ਹਿਮਾਲਾ ਵੇਖਿਆ ਨਹੀਂ
ਪਰ ਮੈਂ ਉਸਦੀ ਬੁਲੰਦੀ ਦੀ ਕਹਾਣੀ
ਉਸ ਜਿੰਨਾ ਬੁਲੰਦ ਹੋ ਕੇ ਹੀ ਸੁਣਾਵਾਂਗਾ
ਮੈਂ ਅਜੰਤਾ ਅਲੋਰਾ ਬਾਰੇ ਸਿਰਫ਼ ਸੁਣਿਆ ਹੀ ਹੈ
ਪਰ ਮੈਂ ਇਸ ਦੀਆਂ ਗੁਫ਼ਾਵਾਂ ਦੇ ਧੁਰ ਤੀਕ ਲਹਿ ਜਾਵਾਂਗਾ।
ਮੈਂ ਗੀਤਾ, ਕੁਰਾਨ ਤੇ ਗ੍ਰੰਥ ਦੇ ਅਮੋਲ ਬਚਨਾਂ ਨੂੰ
ਮੰਤਰ-ਮੁਗਧ ਹੋ ਕੇ ਪੜ੍ਹਾਂਗਾ
ਤੇ ਪਰਵਾਸੀਆਂ ਦੇ ਸੀਨਿਆਂ ਵਿੱਚ ਠੰਢ ਪਾਵਾਂਗਾ।

ਮੈਂ ਬੁੱਧ ਨਾਨਕ ਤੇ ਗਾਂਧੀ ਦੇ ਠੰਢੇ-ਮਿੱਠੇ ਬਚਨਾਂ ਨੂੰ
ਦਰ ਦਰ ਭਟਕਦੇ ਲੋਕਾਂ ਦੀ ਰੂਹ ਤੀਕਰ ਪਹੁੰਚਾਵਾਂਗਾ।
ਮੈਂ ਵੇਦਾਂ ਤੇ ਸ਼ਾਸਤਰਾਂ ਵਿੱਚ ਜਿੰਨੀ ਵੀ ਸੱਚਾਈ ਹੈ
ਭੋਰਾ ਵੱਧ ਹੀ ਦੱਸਾਂਗਾ— ਤੂੰ ਫ਼ਿਕਰ ਨਾ ਕਰੀਂ !
ਮੈਂ ਤਾਜ, ਹਰਿਮੰਦਰ ਤੇ ਕਸ਼ਮੀਰ ਦੇ ਉਨ੍ਹਾਂ ਨੂੰ
ਸਾਖਿਆਤ ਦਰਸ਼ਨ ਕਰਵਾਵਾਂਗਾ ਤੇ ਉਨ੍ਹਾਂ ਦਾ ਦਿਲ ਖਸਾਂਗਾ
ਤੂੰ ਫ਼ਿਕਰ ਨਾ ਕਰੀਂ !!

ਮੇਰਾ ਚੇਤਾ ਖ਼ੁਦਾ-ਆਸਰੇ ਬੜਾ ਹੀ ਚੰਗਾ ਹੈ
ਮੈਨੂੰ ਤੇਰੇ ਮਿਥਿਹਾਸਕ ਤੇ ਇਤਿਹਾਸਕ ਪਾਤਰ ਉਂਗਲਾਂ ਤੇ ਯਾਦ ਹਨ
ਮੈਂ ਉਨ੍ਹਾਂ ਦੀ ਵਫ਼ਾ ਸੱਚਾਈ ਨੇਕ-ਨੀਅਤੀ ਤੇ ਬਹਾਦਰੀ ਦੀ ਦਾਸਤਾਂ
ਮਸਾਲਾ ਲਾ ਲਾ ਕੇ ਸੁਣਾਵਾਂਗਾ
ਤੂੰ ਇਕੇਰਾਂ ਖੰਭ ਖੁਹਾ ਕੇ ਵੀ ਆਜ਼ਾਦੀ ਤੋਂ ਮਗਰੋਂ
ਸਗੋਂ ਕਿਵੇਂ ਸੋਨੇ ਦਾ ਚਿੜਾ ਬਣ ਗਿਆ ਹੈਂ



ਤੇਰੀ ਉੱਨਤੀ ਦੀਆਂ ਸਾਰੀਆਂ ਗੱਲਾਂ
ਇੱਕ ਇੱਕ ਕਰਕੇ ਗਿਣਾਵਾਂਗਾ।

ਵਹਿਮ ਨਾ ਕਰੀਂ ਮੇਰੇ ਵਤਨ—
ਮੈਂ ਹਿੱਕ ਥਾਪੜ ਕੇ ਆਖਾਂਗਾ
ਕਿ ਮੇਰੇ ਮੁਲਕ ਦੇ ਅਜੋਕੇ ਰਹਿਨੁਮਾਵਾਂ ਤੇ ਮੁਲਕ ਨਾਜ਼ ਕਰਦਾ ਹੈ।
ਉਹ ਜੋ ਕਹਿੰਦੇ ਹਨ ਉਹ ਹੀ ਕਮਾਉਂਦੇ ਹਨ
ਤੇ ਉਹਨਾਂ ਦੇ ਭਾਸ਼ਣਾਂ ਨੂੰ ਸੁਣਨ ਲਈ ਲੋਕ
ਭਾਰੀ ਗਿਣਤੀ ਵਿੱਚ ਆਉਂਦੇ ਹਨ।
.....ਤੇ ਆਪ ਆਉਂਦੇ ਹਨ।
ਮੈਂ ਕਹਾਂਗਾ—
ਮੇਰੇ ਦੇਸ਼ ਦਾ ਹਰ ਨੇਤਾ ਇਹ ਐਲਾਨ ਕਰਦਾ ਹੈ
ਕਿ ਉਹ ਕਿਸੇ ਪ੍ਰੀਤੀ-ਭੋਜਨ ਤੇ ਨਹੀਂ ਜਾਵੇਗਾ
ਤੇ ਉਸ ਨੂੰ ਮੂੰਹ ਨਹੀਂ ਲਾਵੇਗਾ।
ਉਹ ਕੋਈ ਪਾਰਟੀ ਨਹੀਂ ਕਬੂਲੇਗਾ
ਇੱਥੋਂ ਤੱਕ ਕਿ ਗੇਂਦਿਆਂ ਦਾ ਇੱਕ ਹਾਰ ਵੀ
ਆਪਣੇ ਗਲ ਵਿੱਚ ਨਹੀਂ ਪੁਆਵੇਗਾ।

ਮੈਂ ਕਹਾਂਗਾ—
ਇਹ ਬਿਲਕੁਲ ਝੂਠ ਹੈ ਜੋ ਕਿਸੇ ਨੇ
ਮੇਰੇ ਦੇਸ਼ ਦੇ ਕਿਸੇ ਨੇਤਾ ਦੇ ਗਲ ਵਿੱਚ
ਇੱਕ ਵੀ ਹਾਰ ਤੱਕਿਆ ਹੋਵੇ।
ਇਸ ਤੋਂ ਵੱਡਾ ਕੁਫ਼ਰ ਹੋਰ ਹੋ ਹੀ ਕੀ ਸਕਦਾ ਹੈ
ਕਿ ਕਿਸੇ ਨੇਤਾ ਨੇ ਮਣ ਵੀਹ ਸੇਰ
ਗੇਂਦਿਆਂ ਦਾ ਭਾਰ ਵੀ ਚੱਕਿਆ ਹੋਵੇ।
ਮੈਂ ਕਹਾਂਗਾ.....ਹਾਂ ਠੋਕ ਵਜਾ ਕੇ ਕਹਾਂਗਾ ਕਿ
ਸਾਡੇ ਨੇਤਾਵਾਂ ਦੇ ਭਾਸ਼ਨ ਬੜੇ ਹੀ ਮਜ਼ੇਦਾਰ ਹੁੰਦੇ ਹਨ
ਬੜੇ ਹੀ ਲੱਛੇਦਾਰ ਹੁੰਦੇ ਹਨ।
ਮੈਂ ਉਹਨਾਂ ਨੂੰ ਝੂਠੇ ਸਾਬਤ ਕਰਾਂਗਾ ਮੇਰੇ ਵਤਨ !
ਜੋ ਕਹਿੰਦੇ ਹਨ ਕਿ ਉਹ ਵਾਅਦੇ ਕਰਦੇ ਹੀ
ਪੰਡਾਲ ਤੋਂ ਬਾਹਰ ਹੁੰਦੇ ਹਨ।

ਮੈਂ ਕਹਾਂਗਾ ਕਿ ਸਾਡੇ ਨੇਤਾ ਚੌਧਰ ਦੇ ਭੁੱਖੇ ਨਹੀਂ
ਜੁ ਦਿਨ ਭਰ ਉਦਘਾਟਨ ਹੀ ਕਰਦੇ ਫਿਰਨ
ਤੇ ਇਹ ਵੀ ਕਹਾਂਗਾ ਕਿ ਉਹਨਾਂ ਨੂੰ
ਪ੍ਰਸ਼ੰਸਾ ਦੀ ਬਿਲਕੁਲ ਤ੍ਰਿਸ਼ਨਾ ਨਹੀਂ
ਕਿ ਉਹ ਮਾਣ-ਪੱਤਰ ਹੀ ਕੱਠੇ ਕਰਦੇ ਫਿਰਨ !
ਤੇ ਪੱਥਰ ਹੀ ਧਰਦੇ ਫਿਰਨ।

ਮੈਂ ਦੱਸਾਂਗਾ ਕਿ ਉਹਨਾਂ ਦੇ ਮਨ ਵਿੱਚ
ਮੁਲਕ ਦੀ ਚਿੰਤਾ ਚਿਖਾ ਵਾਂਗ ਬਲਦੀ ਹੈ
ਉਹ ਦਿਨ ਕਿਤੇ ਕੱਟਦੇ ਹਨ ਤੇ ਰਾਤ ਕਿਤੇ ਕੱਟਦੇ ਹਨ।
ਉਹ ਹੜ੍ਹਾਂ ਤੇ ਸੋਕਿਆਂ ਦੇ ਮਾਰੇ ਲੋਕਾਂ ਦੇ ਹੰਝੂ ਹੱਥੀਂ ਪੂੰਝਦੇ ਹਨ
ਵਿਚਾਰੇ ਗਰਮੀ ਕਿਤੇ ਕੱਟਦੇ ਹਨ ਤੇ ਬਰਸਾਤ ਕਿਤੇ ਕੱਟਦੇ ਹਨ।
ਮੈਂ ਕਹਾਂਗਾ—
ਮੇਰੇ ਨੇਤਾ ਹਰ ਸ਼ਾਮ ਨੂੰ ਦੋ ਦੋ ਚਪਾਤੀਆਂ
ਤੇ ਜਾਂ ਬਸ ਮਸਰ ਦੀ ਦਾਲ ਹੀ ਖਾਂਦੇ ਹਨ
ਕਿਸੇ ਕੌੜੀ ਮਿੱਠੀ ਚੀਜ਼ ਨੂੰ ਮੂੰਹ ਨਹੀਂ ਲਾਉਂਦੇ
ਵਿਚਾਰੇ ਸਾਦਾ ਖਾਂਦੇ ਹਨ ਤੇ ਸਾਦਾ ਹੀ ਹੰਢਾਂਦੇ ਹਨ।
ਮੈਂ ਦੱਸਾਂਗਾ—
ਮੇਰੇ ਦੇਸ਼ ਵਿੱਚ ਹਰ ਨੇਤਾ ਵਰਕਰ ਤੋਂ ਉੱਠਦਾ ਹੈ
ਇੱਥੇ ਹਰੇਕ ਗੱਦੀ ਤੇ ਜਨਤਾ ਦਾ ਸੇਵਾਦਾਰ ਹੀ ਬਿਠਾਇਆ ਜਾਂਦਾ ਹੈ।
ਇੱਥੇ ਹੋਰ ਮੁਲਕਾਂ ਵਾਂਗ ਰਾਤੋ ਰਾਤ ਨੇਤਾ ਨਹੀਂ ਬਣਦੇ
ਤੇ ਨਾ ਹੀ ਕਿਸੇ ਨੂੰ ਝੂਠੀ ਇਸ਼ਤਿਹਾਰਬਾਜ਼ੀ ਰਾਹੀਂ
ਅਜਾਈਂ ਅਸਮਾਨ ਤੇ ਚੜ੍ਹਾਇਆ ਜਾਂਦਾ ਹੈ
ਇਹ ਵੀ ਕਹਾਂਗਾ ਕਿ ਇਥੇ ਗੱਲਾਂ ਦੀ ਨਹੀਂ
ਕੰਮ ਦੀ ਕਦਰ ਹੈ
ਕੰਮ—ਜੋ ਕੌਮ ਦੀ ਤਕਦੀਰ ਬਦਲ ਦੇਂਦਾ ਹੈ
ਕੰਮ—ਜਿਸ ਦੇ ਕ੍ਰਿਸ਼ਮੇ ਨਾਲ ਉਤਪਾਦਨ ਵਧਦਾ ਹੈ
ਕੰਮ—ਜੋ ਕਿਸੇ ਦੇਸ਼ ਦੀ ਤਸਵੀਰ ਬਦਲ ਦੇਂਦਾ ਹੈ।

ਮੈਂ ਕਹਾਂਗਾ—
ਦਲਬਦਲੀ ਦੀ ਲਾਹਣਤ ਮੇਰੇ ਦੇਸ਼ ਵਿੱਚ ਨਹੀਂ



ਇੱਥੇ ਤਾਂ ਜਿੱਥੇ ਕੋਈ ਖੜ੍ਹ ਗਿਆ ਬਸ ਉਥੇ ਹੀ ਖੜਾ ਰਹਿੰਦਾ ਹੈ
ਚੌਧਰ ਜਾਂ ਵਜ਼ੀਰੀ ਇੱਥੇ ਕਿਸੇ ਦੇ ਸਤ ਨੂੰ ਨਹੀਂ ਡੁਲਾ ਸਕਦੀ
ਇੱਥੇ ਜਿਸ ਪਾਰਟੀ ਜਾਂ ਧੜੇ ਵਿੱਚ ਨੇਤਾ ਜੰਮਦਾ ਹੈ
ਉਸਦੀ ਉਹੀਓ ਹੀ ਪਾਰਟੀ ਤੇ ਉਹੀਓ ਹੀ ਧੜਾ ਰਹਿੰਦਾ ਹੈ।

ਮੈਂ ਕਹਾਂਗਾ ਮੇਰੇ ਵਤਨ !
ਸਾਡੀ ਪੁਲੀਸ ਲੋਕਾਂ ਦੀ ਜਾਨੀ ਮਾਲੀ ਹਿਫ਼ਾਜ਼ਤ ਦੀ ਜਾਮਨ ਹੈ
ਉਹ ਜੁਰਮ ਰੋਕਦੀ ਹੈ ਜੁਰਮ ਕਰਵਾਉਂਦੀ ਤਾਂ ਨਹੀਂ।
ਇੱਥੇ ਹੋਰ ਦੇਸ਼ਾਂ ਵਾਂਗ ਚੋਰੀਆਂ ਵਿੱਚ ਪੁਲੀਸ ਦਾ ਹੱਥ ਨਹੀਂ ਹੁੰਦਾ
ਪੁਲੀਸ ਕਾਤਲਾਂ ਦੇ ਖੁਰੇ ਖੋਜਦੀ ਹੈ ਕਤਲ ਕਰਵਾਉਂਦੀ ਤਾਂ ਨਹੀਂ।

ਇੱਥੋਂ ਦਾ ਕਾਨੂੰਨ ਹਰ ਉੱਚੇ ਨੀਵੇਂ ਲਈ ਇੱਕੋ ਜਿਹਾ ਹੈ
ਇਹ ਨਾ ਹੀ ਕਿਸੇ ਤਕੜੇ ਨੂੰ ਛੱਡਦਾ ਹੈ
ਨਾ ਹੀ ਕਿਸੇ ਨਿਤਾਣੇ ਨੂੰ ਐਵੇਂ ਆ ਫੜਦਾ ਹੈ।
ਇੱਥੇ ਮੁਨਸਿਫ਼ਾਂ ਦੇ ਤਰਾਜ਼ੂਆਂ ਨਾਲ ਥੈਲੀਆਂ ਦੇ ਪਾਸਕੂ ਨਹੀਂ ਬੱਝਦੇ
ਇੱਥੇ ਅਦਾਲਤਾਂ ਵਿੱਚ ਸੱਚੋ ਹੀ ਸੱਚ ਨਿੱਬੜਦਾ ਹੈ
ਮੇਰੇ ਦੇਸ ਵਿੱਚ ਧਰਮ-ਨਿਰਪੱਖ ਪਰਜਾ-ਤੰਤਰ ਸਥਾਪਿਤ ਹੈ
ਧਰਮ ਦੀ ਸਹੁੰ ਇੱਥੇ ਕਿਸੇ ਵੀ ਧਰਮ ਨੂੰ ਖ਼ਤਰਾ ਨਹੀਂ ਹੈ।
ਮੇਰੇ ਦੇਸ਼ ਦਾ ਅਣੂੰ ਅਣੂੰ ਸਮਾਜਵਾਦੀ ਹੈ
ਇੱਥੇ ਜਾਤ ਪਾਤ ਦਾ ਕੋਈ ਵੜਾ-ਵਿਤਕਰਾ ਨਹੀਂ ਹੈ।

ਮੈਂ ਕਹਾਂਗਾ—
ਮੇਰੇ ਦੇਸ਼ ਦੇ ਹਰ ਦਫ਼ਤਰ ਦਾ ਹਰ ਬਾਬੂ ਬੜਾ ਹੀ ਛੁਹਲਾ ਹੈ
ਇੱਥੇ ਮਹੀਨਿਆਂ ਮੂੰਹੀਂ ਕਾਗ਼ਜ਼ ਟਰੇਆਂ ਵਿੱਚ ਨਹੀਂ ਪਏ ਰਹਿੰਦੇ।
ਇੱਥੋਂ ਦੇ ਅਫ਼ਸਰ ਸਹੀ ਅਰਥਾਂ ਵਿੱਚ ਈਮਾਨਦਾਰ ਹਨ
ਉਹ ਝੂਠੇ ਟੀ. ਏ. ਬਿੱਲ ਨਹੀਂ ਉਗਰਾਉਂਦੇ
ਤੇ ਘਰ ਦੇ ਦੌਰਿਆਂ ਤੇ ਹੀ ਨਹੀਂ ਗਏ ਰਹਿੰਦੇ।

ਮੈਂ ਇਹ ਵੀ ਕਹਾਂਗਾ
ਕਿ ਮੇਰੇ ਦੇਸ਼ ਵਿੱਚ ਸਭ ਥਾਵਾਂ
ਯੋਗਤਾ ਦੇ ਆਧਾਰ ਤੇ ਭਰੀਆਂ ਜਾਂਦੀਆਂ ਹਨ

ਸਿਫ਼ਾਰਸ਼ ਦੀ ਬੀਮਾਰੀ ਨੂੰ ਉੱਕਾ ਹੀ ਹਟਾ ਦਿੱਤਾ ਗਿਆ ਹੈ।
ਰਿਸ਼ਵਤਖੋਰੀ ਦਾ ਨਾਮ ਲੈਣਾ ਵੀ ਵਿਵਰਜਤ ਹੈ
ਇੱਥੇ ਹਰ ਮਹਿਕਮੇ ਵਿੱਚ ਚੋਰ-ਦਰਵਾਜ਼ੇ ਨੂੰ
ਅਸਾਂ ਪੱਕਾ ਤਾਲਾ ਹੀ ਨਹੀਂ
ਸਗੋਂ 2-1 ਦਾ ਸੀਮੈਂਟ ਹੀ ਲਗਾ ਦਿੱਤਾ ਹੈ।

ਮੈਂ ਦੱਸਾਂਗਾ ਮੇਰੇ ਵਤਨ !
ਹਰ ਲੋੜੀਂਦੀ ਚੀਜ਼ ਸਾਨੂੰ ਹਵਾ ਵਾਂਗ ਆਮ ਮਿਲਦੀ ਹੈ
ਚੋਰ-ਬਾਜ਼ਾਰੀ ਦੇ ਜਿੰਨ ਨੂੰ ਅਸੀਂ ਮੁਲਕ ਚੋਂ ਹੀ ਕੱਢ ਛੱਡਿਆ ਹੈ !
ਇੱਥੇ ਨੇਤਾ ਜੀ ਦੇ ਭਾਸ਼ਣ ਤੋਂ ਲੈ ਕੇ ਰਾਸ਼ਣ ਤੱਕ
ਸਭ ਸ਼ੁੱਧ ਮਿਲਦਾ ਹੈ
ਮਿਲਾਵਟ ਦੀ ਬੀਮਾਰੀ ਦਾ ਅਸਾਂ ਫਸਤਾ ਹੀ ਵੱਢ ਛੱਡਿਆ ਹੈ।
ਮੇਰੇ ਵਤਨ—
ਮੈਂ ਕੱਚੀਆਂ ਗੋਲੀਆਂ ਨਹੀਂ ਖੇਡਿਆ
ਮੈਂ ਉਨ੍ਹਾਂ ਨੂੰ ਦਿਨ ਨੂੰ ਤਾਰੇ ਵਿਖਾਵਾਂਗਾ—ਤੂੰ ਫ਼ਿਕਰ ਨਾ ਕਰੀਂ !
ਮੈਂ ਤੇਰੀ ਸੋਲਾਂ ਆਨੇ ਸੱਚੀ ਤਾਰੀਫ਼ ਕਰਾਂਗਾ—
ਮੇਰੇ ਸੱਚੇ ਤੇ ਸੁੱਚੇ ਵਤਨ !
ਮੈਂ ਉਨ੍ਹਾਂ ਦੀਆਂ ਮੂੰਹ ਵਿੱਚ ਉਂਗਲਾਂ ਪੁਆਵਾਂਗਾ—ਤੂੰ ਫ਼ਿਕਰ ਨਾ ਕਰੀਂ !

ਮੈਂ ਇਹ ਵੀ ਕਹਾਂਗਾ
ਕਿ ਮੇਰੇ ਲੋਕ ਚੌਕਸ ਹਨ ਵਧਦੀ ਆਬਾਦੀ ਤੋਂ
ਤੇ ਆਏ ਦਿਨ ਹਜ਼ਾਰਾਂ ਦੇਸ਼ਵਾਸੀ ਅਪਰੇਸ਼ਨ ਕਰਵਾਂਦੇ ਹਨ।
ਉਹਨਾਂ ਨੂੰ ਕਿਹੜਾ ਕੋਈ ਜ਼ਬਰਦਸਤੀ ਲਿਜਾਂਦਾ
ਜਾਂ ਚੁੱਕ ਕੇ ਖੜਦਾ ਹੈ
ਉਹ ਲਾਲਚ ਤੋਂ ਰਹਿਤ ਹੋ ਕੇ ਕਰਵਾਂਦੇ ਹਨ !
ਤੇ ਆਪਣੀ ਮਰਜ਼ੀ ਨਾਲ ਕਰਵਾਂਦੇ ਹਨ।

ਮੈਂ ਕਹਾਂਗਾ—
ਆਜ਼ਾਦੀ ਤੋਂ ਮਗਰੋਂ ਮੇਰੇ ਵਤਨ ਵਿੱਚ
ਅਸਾਂ ਬੜੇ ਹੀ ਡੈਮ ਉਸਾਰੇ, ਕਾਰਖਾਨੇ ਲਗਾਏ
ਪੁਲ ਬਣਾਏ ਤੇ ਸੜਕਾਂ ਦੇ ਜਾਲ ਵਿਛਾਏ ਹਨ।



ਤੇ ਖ਼ਾਸੀਅਤ ਇਹ ਕਿ ਇਹਨਾਂ ਤੇ
ਪੂਰੇ ਨਾਲੋਂ ਭੋਰਾ ਮੈਟੀਰੀਅਲ ਵੱਧ ਹੀ ਲੱਗਾ ਹੋਵੇਗਾ
ਸਾਡੇ ਕਿਸੇ ਵੀ ਠੇਕੇਦਾਰ ਨੇ ਨਾ ਕਦੇ ਤੋਲਾ
ਸੀਮੈਂਟ ਜਾਂ ਲੁੱਕ ਹੀ ਹੇਠਾਂ ਉੱਤੇ ਕੀਤੀ ਹੈ
ਤੇ ਨਾ ਹੀ ਲੁੱਕ ਨਾਲ ਭਿਉਂਕੇ ਕਾਨੇ ਸਰੀਏ ਬਣਾਏ ਹਨ।

ਮੈਂ ਕਹਾਂਗਾ ਤੇ ਜ਼ਰੂਰ ਕਹਾਂਗਾ—ਮੇਰੇ ਵਤਨ !
ਕਿ ਮੇਰੇ ਦੇਸ਼ਵਾਸੀਆਂ ਤੇ ਆ ਕੇ ਈਮਾਨਦਾਰੀ ਖ਼ਤਮ ਹੈ
ਇੱਥੇ ਕੋਈ ਇਨਕਮ ਟੈਕਸ ਤੋਂ ਡਰ ਕੇ
ਆਪਣਾ ਕਾਲਾ ਧਨ ਨਹੀਂ ਲੁਕਾਉਂਦਾ।
ਮੇਰਾ ਹਰ ਦੇਸ਼ ਵਾਸੀ ਟੈਕਨੀਸ਼ੀਅਨ ਹੋ ਕੇ ਵੀ
ਬਿਜਲੀ ਦਾ ਪੂਰਾ ਬਿੱਲ ਤਾਰਦਾ ਹੈ
ਉਹ ਇਸ ਤੋਂ ਬਚਣ ਲਈ ਪਿੱਛੇ ਵੱਲ ਮੀਟਰ ਨਹੀਂ ਘੁੰਮਾਉਂਦਾ।

ਮੈਂ ਕਹਾਂਗਾ—
ਅਸਾਂ ਦੇਸ਼ ਤੋਂ ਮਰ ਮਿਟਣ ਵਾਲੇ ਦੇਸ਼-ਭਗਤਾਂ ਨੂੰ
ਬੁੱਢੇ ਵਾਰੇ ਤਾਮਰ-ਪੱਤਰ ਵੀ ਦਿੱਤੇ ਹਨ
ਤੇ ਇਸ ਤਰ੍ਹਾਂ ਅਸੀਂ ਉਨ੍ਹਾਂ ਨੂੰ ਸਤਿਕਾਰਿਆ ਤੇ
ਉਨ੍ਹਾਂ ਦੀਆਂ ਕੁਰਬਾਨੀਆਂ ਦਾ ਪੂਰਾ ਮੁੱਲ ਤਾਰਿਆ ਹੈ
ਪਰ ਅਸਾਂ ਇਹ ਕਰਦਿਆਂ ਰੱਬ ਦੀ ਸਹੁੰ
ਕਿਸੇ ਨਾਲ ਕੋਈ ਲਿਹਾਜ਼ ਨਹੀਂ ਕੀਤਾ
ਤੇ ਨਾ ਹੀ ਕਦੇ ਸਾਡੇ ਕਿਸੇ 'ਫਰੀਡਮ-ਫਾਈਟਰ' ਨੇ
ਝੂਠ ਹੀ ਮਾਰਿਆ ਹੈ।

ਮੈਂ ਦੱਸਾਂਗਾ—
ਕਿ ਮੇਰੇ ਦੇਸ਼ ਦੇ ਬੁਢਾਪੇ ਨੂੰ ਹੁਣ ਕੋਈ ਝੋਰਾ ਨਹੀਂ
ਉਨ੍ਹਾਂ ਨੂੰ ਅਸੀਂ ਪੈਨਸ਼ਨਾਂ ਵਾਲੇ ਬਣਾ ਦਿੱਤਾ ਹੈ।
ਅਸੀਂ ਨਿੱਘਰਿਆਂ ਨੂੰ ਘਰ ਤੇ ਬੇ-ਜ਼ਮੀਨਿਆਂ ਨੂੰ ਜ਼ਮੀਨ ਦਿੱਤੀ ਹੈ
ਰਿਕਸ਼ਾ-ਚਾਲਕਾਂ ਨੂੰ ਅਸੀਂ ਰਿਕਸ਼ਾ-ਮਾਲਕ ਹੀ ਬਣਾ ਦਿੱਤਾ ਹੈ।

ਮੇਰੇ ਵਤਨ ਮੈਂ ਕਹਾਂਗਾ
ਅਸੀਂ ਅਧਿਆਪਕ ਨੂੰ ਨੇਸ਼ਨ-ਬਿਲਡਰ ਸਮਝਦੇ ਹਾਂ
ਤਦੇ ਹੀ ਹਰ ਦੇਸ਼ਵਾਸੀ ਉਸਨੂੰ ਬਣਦਾ-ਜੁੜਦਾ ਸਨਮਾਨ ਦੇਂਦਾ ਹੈ
ਤੇ ਅਧਿਆਪਕ ਵੀ ਬਸ ਜਿੱਧਰ ਜਾਂਦਾ ਹੈ
ਚਾਨਣ ਹੀ ਕਰਦਾ ਜਾਂਦਾ ਹੈ
ਉਹ ਬੱਚਿਆਂ ਨੂੰ ਏਨਾ ਗਿਆਨ ਦਿੰਦਾ ਹੈ
ਬਸ ਪੁੱਛੋ ਹੀ ਨਾ ਕਿੰਨਾ ਗਿਆਨ ਦਿੰਦਾ ਹੈ !

ਮੈਂ ਇਹ ਵੀ ਜ਼ਰੂਰ ਦੱਸਾਂਗਾ—ਮੇਰੇ ਵਤਨ !
ਕਿ ਮੇਰੇ ਦੇਸ਼ ਵਿੱਚ ਸੜਕਾਂ ਦੇ ਨਾਂ
ਸ਼ਹੀਦਾਂ ਦੇ ਨਾਂਵਾਂ ਤੇ ਰੱਖੇ ਜਾਂਦੇ ਹਨ
ਸ਼ਹੀਦਾਂ ਦੇ ਬੁੱਤ ਬਣਾਏ ਜਾਂਦੇ ਤੇ
ਉਨ੍ਹਾਂ ਦੀਆਂ ਸਮਾਧੀਆਂ ਤੇ ਫੁੱਲ ਚੜ੍ਹਾਏ ਜਾਂਦੇ ਹਨ।
ਸਾਡੇ ਸ਼ਹੀਦਾਂ ਤੇ ਦੇਸ਼-ਭਗਤਾਂ ਦੇ ਜੀਵਨ
ਸਾਡੇ ਨੇਤਾਵਾਂ ਨੂੰ ਜ਼ਬਾਨੀ ਯਾਦ ਹਨ
ਤੇ ਇਹ ਸਾਨੂੰ ਅਕਸਰ ਸੁਣਾਏ ਜਾਂਦੇ ਹਨ !

ਮੇਰੇ ਵਤਨ ! ਮੈਂ ਦੱਸਾਂਗਾ
ਕਿ ਅਸੀਂ 'ਬਾਬੀ' ਵੇਖਣ ਪਿੱਛੋਂ ਵੀ
ਸ਼ਰਧਾ ਨਾਲ ਸਿਨੇਮਾ-ਹਾਲ ਵਿੱਚ ਸਾਵਧਾਨ ਖੜ੍ਹਕੇ
ਜਨ-ਗਨ-ਮਨ ਪੜ੍ਹਦੇ ਹਾਂ।
ਅਸੀਂ ਅਨਪੜ੍ਹਤਾ ਨੂੰ ਸਰਹੱਦਾਂ ਤੋਂ ਬਾਹਰ ਕੱਢ ਕੇ ਹੀ ਦਮ ਲੈਣਾ ਹੈ
ਅਸੀਂ ਅੱਜ ਕੱਲ੍ਹ ਗਰੀਬੀ ਵਿਰੁੱਧ
ਤਨੋਂ ਮਨੋਂ ਹੀ ਨਹੀਂ, ਧਨੋਂ ਵੀ ਲੜਦੇ ਹਾਂ।

ਮੇਰੇ ਵਤਨ—
ਮੈਂ ਤੇਰਾ ਪੁੱਤਰ ਹਾਂ
ਤੇਰੀ ਇੱਜ਼ਤ ਮੇਰੀ ਹੈ ਤੇ ਮੇਰੀ ਇੱਜ਼ਤ ਤੇਰੀ
ਮੈਂ ਤੇਰੀ ਇੱਜ਼ਤ ਬਚਾਵਾਂਗਾ—ਤੂੰ ਫ਼ਿਕਰ ਨਾ ਕਰੀਂ !
ਮੈਂ ਤੇਰਾ ਲੂਣ ਵੀ ਖਾਧਾ ਹੈ ਤੇ ਮਿੱਠਾ ਵੀ
ਮੈਂ ਤੇਰੇ ਨਾਲ ਵਫ਼ਾ ਨਿਭਾਵਾਂਗਾ—ਤੂੰ ਫ਼ਿਕਰ ਨਾ ਕਰੀਂ !



ਮੇਰੇ ਵਤਨ !
ਕੱਲ੍ਹ ਸਵੇਰੇ ਮੈਂ ਤੇਰੀ ਮਾਂ ਵਰਗੀ
ਨਿੱਘੀ ਧਰਤ ਤੋਂ ਦੂਰ ਚਲੇ ਜਾਣਾ ਹੈ
ਤੇ ਪਤਾ ਨਹੀਂ ਪਰਤ ਕੇ ਆਣਾ ਵੀ ਹੈ ਜਾਂ ਨਹੀਂ ਆਣਾ ਹੈ !
ਪਰ ਕੀ ਕਰਾਂ ਕਿੰਨੇ ਵਰ੍ਹਿਆਂ ਤੋਂ ਤੇਰੀ ਗੋਦ ਵਿੱਚ
ਕਰਨ ਲਈ ਕੋਈ ਕੰਮ ਨਹੀਂ ਮਿਲਿਆ
ਤੇ ਜੋ ਮਿਲਿਆ ਉਸ ਲਈ ਮੇਰਾ ਹੀ
ਚੰਦਰਾ ਮਨ ਨਹੀਂ ਮੰਨਿਆ।

ਹਾਂ—ਕੱਲ੍ਹ ਮੈਂ ਤੇਰੀ ਗੋਦ ਨੂੰ ਛੱਡ ਕੇ ਜਾਵਾਂਗਾ....ਤੇ ਜ਼ਰੂਰ ਜਾਵਾਂਗਾ
ਉੱਥੇ ਖੱਟਾਂਗਾ ਕਮਾਵਾਂਗਾ, ਖਾਵਾਂਗਾ, ਬਚਾਵਾਂਗਾ
ਤੇ ਤੇਰੀ ਧਰਤ ਤੇ ਵੱਸਦੇ ਆਪਣੇ ਬੱਚਿਆਂ ਨੂੰ ਪਹੁੰਚਾਵਾਂਗਾ।
ਫਿਰ ਜ਼ਿੰਦਾ ਰਿਹਾ ਤਾਂ ਬੁੱਢੇ ਵਾਰੇ
ਜਾਂ ਉਸਤੋਂ ਕੁਝ ਚਿਰ ਪਹਿਲੋਂ ਪਰਤ ਆਵਾਂਗਾ।
ਪਰ ਮੈਂ ਵਾਅਦਾ ਕਰਦਾ ਹਾਂ ਮੇਰੇ ਵਤਨ
ਮੈਂ ਜਿੰਨੀ ਦੇਰ ਵੀ ਉਥੇ ਰਹਾਂਗਾ
ਤੈਨੂੰ ਬਹੁਤ ਯਾਦ ਕਰਾਂਗਾ।
ਤੇ ਤੇਰੇ ਦਮ 'ਚ ਦਮ ਭਰਾਂਗਾ—ਤੂੰ ਫ਼ਿਕਰ ਨਾ ਕਰੀਂ !
ਮੈਂ ਤੇਰੀ ਹਰ ਲੁਕੋਣ ਵਾਲੀ ਹਰ ਗੱਲ ਨੂੰ ਲੁਕੋਵਾਂਗਾ
ਤੇ ਉਛਾਲਣ ਵਾਲੀ ਨੂੰ ਉਛਾਲਾਂਗਾ
ਤੇ ਤੇਰੀ ਭਰਵੀਂ ਪ੍ਰਸ਼ੰਸਾ ਕਰਾਂਗਾ—ਤੂੰ ਫ਼ਿਕਰ ਨਾ ਕਰੀਂ !

# ਇਲਾਜ !

ਤੁਸੀਂ ਬਿਮਾਰ ਹੋ?
ਠਹਿਰੋ ! ਮੇਰੇ ਇਸ ਥੈਲੇ ਵਿੱਚ
ਤੁਹਾਡੀਆਂ ਬੀਮਾਰੀਆਂ ਦੇ ਸਾਰੇ ਇਲਾਜ ਬੰਦ ਹਨ।
ਬਸ ਲੋੜ ਜ਼ਰਾ ਕੁ ਸਬਰ ਕਰਨ ਦੀ ਹੈ
ਥੋੜਾ ਜਿਹਾ ਧੀਰ ਧਰਨ ਦੀ ਹੈ !
ਮੈਂ ਇੱਕ ਇੱਕ ਕਰਕੇ ਸਾਰੇ ਮਰੀਜ਼ਾਂ ਨੂੰ ਭੁਗਤਾ ਦਿਆਂਗਾ।
ਤੇ ਤੁਹਾਨੂੰ ਸਭਨਾਂ ਨੂੰ ਕੰਗਣ ਵਰਗੇ ਬਣਾ ਦਿਆਂਗਾ।
ਪਰ ਮੇਰੇ ਤੇ ਯਕੀਨ ਕਰ ਲੈਣਾ
ਕਿਉਂਕਿ ਯਕੀਨ ਬਿਨਾਂ ਬਾਤ ਨਹੀਂ ਬਣਦੀ—ਮੇਰੇ ਮਰੀਜ਼ !

ਹਾਂ ! ਤਾਂ ਤੁਸੀਂ ਨੇਤਾ ਹੋ?
ਤੁਹਾਨੂੰ ਸ਼ਿਕਾਇਤ ਹੈ
ਕਿ ਲੋਕਾਂ ਦੇ ਮੋਢਿਆਂ ਤੇ ਸਿਰ ਉੱਗ ਆਏ ਹਨ।
ਤੁਸੀਂ ਇਨਸਾਫ਼-ਪਸੰਦੀ ਦਾ ਚੋਗਾ ਪਾ ਕੇ
ਉਹਨਾਂ ਦੇ ਗਲ਼ ਵੀ ਕੱਟਣਾ ਚਾਹੁੰਦੇ ਹੋ
ਤੇ ਲੋਕ ਰਾਇ ਦੇ ਉਲਟ ਹੋਣ ਤੋਂ ਵੀ ਬਚਣਾ ਚਾਹੁੰਦੇ ਹੋ।

ਤੇ ਨਾਲੇ ਸੱਚ ! ਤੁਹਾਨੂੰ ਸ਼ਿਕਾਇਤ ਹੈ
ਕਿ ਵੋਟਾਂ ਵਾਲੀ ਸੰਦੂਕੜੀ ਕਦੇ ਕਦੇ ਕੁਫ਼ਰ ਤੋਲ ਜਾਂਦੀ ਹੈ
ਜਿਸ ਨਾਲ ਤੁਹਾਡੀ ਪਿੱਠ ਥੱਲਿਓਂ ਕੁਰਸੀ ਡੋਲ ਜਾਂਦੀ ਹੈ।
ਬਸ ਇਤਨੀ ਹੀ ਗੱਲ ਹੈ ਨਾ?
ਤਾਂ ਆਪਣਾ ਇਲਾਜ ਦੋ ਮਿੰਟ 'ਚ ਲਵੋ।
ਡਰੋ ਨਾ ! ਮੈਂ ਤੁਹਾਡਾ ਅਪਰੇਸ਼ਨ ਨਹੀਂ ਕਰਾਂਗਾ !!
ਮੈਂ ਤੁਹਾਨੂੰ ਇੱਕ ਔਜ਼ਾਰ ਦੇਂਦਾ ਹਾਂ—ਪਬਲੀਸਿਟੀ ਦਾ ਔਜ਼ਾਰ !
ਤੁਸੀਂ ਇਸ ਨਾਲ ਖੂਬ ਘੱਟਾਂ ਉਡਾਓ
ਤੇ ਸਾਹਮਣੀ ਬੈਠੀ ਇਸ ਜਨਤਾ ਦੀਆਂ ਅੱਖਾਂ 'ਚ ਪਾਓ।
ਇਹ ਜਨਤਾ ਧਰਮ ਨਾਲ ਬਹੁਤ ਬੁੱਧੂ ਹੈ।
ਇਸਨੂੰ ਬੇਵਕੂਫ਼ ਬਨਾਉਣਾ ਤਾਂ ਖੱਬੇ ਹੱਥ ਦਾ ਖੇਲ੍ਹ ਹੈ !



ਇਹ ਰੋਂਦੀ ਹੈ, ਸ਼ਿਕਵੇ ਸ਼ਿਕਾਇਤਾਂ ਵੀ ਕਰਦੀ ਹੈ
ਇਹ ਕੋਈ ਇਸਦੀ ਅੱਜ ਦੀ ਗੱਲ ਨਹੀਂ
ਇਹ ਤਾਂ ਇਸ ਤਰ੍ਹਾਂ ਕਰਦੀ ਆਈ ਹੈ— ਤੇ ਕਰਦੀ ਰਹੇਗੀ !
ਨੇਤਾ—ਇਸਦੀ ਖੋਪਰੀ ਤੇ ਛਿੱਤਰ ਧਰਦੇ ਰਹੇ ਹਨ
ਆਪਣੇ ਢਿੱਡ ਪਾਲਣ ਲਈ ਮਨ ਆਈ ਵੀ ਕਰਦੇ ਰਹੇ ਹਨ।
ਪਰ ਇਹ ਉਹਨਾਂ ਦੇ ਲਾਰੇ-ਲੱਪਿਆਂ ਤੇ ਇਤਬਾਰ ਕਰਦੀ ਰਹਿੰਦੀ ਹੈ
ਤੇ ਉਹਨਾਂ ਦੀਆਂ ਸੰਦੂਕੜੀਆਂ ਭਰਦੀ ਰਹਿੰਦੀ ਹੈ।

ਤੇ ਐਧਰ ਕੋਨੇ 'ਚ ਸੁੰਗੜ ਕੇ ਬੈਠੀਓ ਮਾਯੂਸ ਔਰਤੋ !
ਮੈਂ ਤੁਹਾਡੇ ਪਿੰਡਿਆਂ ਉਪਰਲੀਆਂ ਲਾਸ਼ਾਂ ਨੂੰ
ਸਟੇਜ ਤੇ ਖੜਾ ਵੀ ਗਿਣ ਸਕਦਾ ਹਾਂ
ਇਨ੍ਹਾਂ ਤੇ ਪਤੀ ਦੇ ਸਿਤਮ ਤੋਂ ਲੈ ਕੇ ਪੁੱਤਰ ਦੀਆਂ ਝਿੜਕਾਂ ਤੱਕ
ਤੇ ਅਫ਼ਸਰ ਦੀ ਘੂਰ-ਘੱਪ ਤੋਂ ਲੈ ਕੇ ਦਫ਼ਤਰ ਦੇ ਚਪੜਾਸੀ ਦੀਆਂ
ਘਟੀਆ-ਟਿਚਕਰਾਂ ਤੱਕ ਦੀ ਕਹਾਣੀ ਅੰਕਿਤ ਹੈ।
ਤੁਹਾਡੇ ਲਈ ਮੇਰੇ ਇਸ ਥੈਲੇ ਵਿੱਚ ਇੱਕ ਆਯੁਰਵੈਦੀ ਚੂਰਨ ਹੈ
ਜ਼ਰਾ ਆਪਣੀਆਂ ਤਲੀਆਂ ਕਰੋ !
ਬਸ ਖਾਣ ਦੀ ਦੇਰ ਹੈ
ਦੋ ਦੋ ਨਿੱਛਾਂ ਤੋਂ ਮਗਰੋਂ ਤੁਸੀਂ ਝਾਂਸੀ ਦੀਆਂ ਰਾਣੀਆਂ ਹੋਵੋਗੀਆਂ।
ਫੇਰ ਤੁਹਾਨੂੰ ਗੱਲ ਫੁਰੇਗੀ ਅੰਤਰ-ਰਾਸ਼ਟਰੀ-ਇਸਤ੍ਰੀ-ਵਰ੍ਹਾ ਮਨਾਣ ਦੀ
ਤੇ ਤੁਹਾਡੀ ਜ਼ਬਾਨ ਬਟਾਲੇ ਦੇ ਟੋਕੇ ਵਾਂਗ ਚਲੇਗੀ
ਜਿਸ ਵਿੱਚ ਮਰਦਾਂ ਦੇ ਸਾਰੇ ਸਿਤਮ ਇੱਕ ਇੱਕ ਕਰਕੇ ਕੁਤਰੇ ਜਾਣਗੇ।

ਹਾਂ ! ਤਾਂ ਤੁਸੀਂ ਪ੍ਰੋਫੈਸਰ ਫ਼ਿਲਾਸਫਰ ਤੇ ਅਧਿਆਪਕ ਹੋ
ਮੇਰਾ ਮਤਲਬ ਬੁੱਧੀ-ਜੀਵੀ ਹੋ !
ਜੋ ਕਾਫ਼ੀ-ਘਰਾਂ ਵਿੱਚ ਬੈਠ ਕੇ ਸਿਧਾਂਤ ਘੜਦੇ ਹੋ
ਗੋਸ਼ਟੀਆਂ ਵਿੱਚ ਚੁੰਝ ਚਰਚਾ ਚਰਦੇ ਹੋ
ਤੇ ਭਾੜੇ 'ਤੇ ਪੇਪਰ ਲਿਖ ਕੇ ਸੈਮੀਨਾਰਾਂ 'ਚ ਪੜ੍ਹਦੇ ਹੋ।
ਤੁਹਾਨੂੰ ਵੀ ਨੀਂਦ ਨਹੀਂ ਆਉਂਦੀ।
ਖ਼ੈਰ ! ਬੀਮਾਰ ਕੌਣ ਨਹੀਂ ਹੁੰਦਾ?
ਪਰ ਤੁਹਾਡਾ ਤਾਂ ਅਪਰੇਸ਼ਨ ਕਰਨਾ ਪਏਗਾ।
ਤੁਹਾਡਾ ਤਾਂ ਧੜ ਤੋਂ ਉਪਰਲਾ ਸਾਰਾ ਹਿੱਸਾ ਹੀ ਖਰਾਬ ਹੈ

ਬਸ ਜਾਪਦਾ ਹੈ ਤੁਸਾਂ ਹੁਣ ਤਕ ਮੁਫ਼ਤ ਦੀ ਹੀ ਤਨਖਾਹ ਲਈ ਹੈ।
ਪਰ ਅਪਰੇਸ਼ਨ ਤੋਂ ਮਗਰੋਂ
ਤੁਹਾਡੇ ਮੋਢਿਆਂ ਤੇ ਵੀ ਤੁਹਾਡਾ ਆਪਣਾ ਸਿਰ ਹੋਏਗਾ !

ਬੱਚਿਓ ! ਤੁਸੀਂ ਵੀ ਬੀਮਾਰ ਹੋ?
ਵੈਸੇ ਮੈਂ ਬੱਚਿਆਂ ਦਾ ਇਲਾਜ ਤਾਂ ਨਹੀਂ ਕਰਦਾ
ਪਰ ਮੇਰਾ ਸ਼ਹਿਰ ਜੁ ਮੋਗਾ ਹੈ।
ਜੋ ਬੱਚਿਆਂ ਦੇ ਮਸ਼ਹੂਰ ਵੈਦਾਂ ਦਾ ਘਰ ਹੈ।
ਮੈਂ ਤੁਹਾਨੂੰ ਵੀ ਨਿਰਾਸ਼ ਨਹੀਂ ਜਾਣ ਦੇਵਾਂਗਾ।
ਪਰ ਤੁਹਾਡਾ ਕੇਸ ਬਹੁਤ ਸੀਰੀਅਸ ਹੈ !
ਤੁਹਾਡੇ ਕਮਜ਼ੋਰ ਤੇ ਮਾਸੂਮ ਫੇਫੜਿਆਂ ਨੂੰ
ਭੁੱਖ ਦੀ ਸਿਉਂਕ ਨੇ ਛਾਨਣੀ ਕੀਤਾ ਹੈ
ਤੇ ਤੁਹਾਡੇ ਖ਼ੂਨ ਦਾ ਆਖਰੀ ਕਤਰਾ ਤੱਕ ਪੀ ਲੀਤਾ ਹੈ।
ਵੈਸੇ ਤੁਹਾਨੂੰ ਜੰਮਣਾ ਨਹੀਂ ਸੀ ਚਾਹੀਦਾ।
ਖ਼ੈਰ ! ਜੇ ਜੰਮ ਹੀ ਪਏ ਹੋ ਤਾਂ ਜੀਓ !
ਜਿੰਨੇ ਪਲ ਜੀ ਸਕਦੇ ਹੋ ਜ਼ਰੂਰ ਜੀਓ !!
ਕਿਉਂਕਿ ਜ਼ਿੰਦਗੀ ਇੱਕ ਸੰਗਰਾਮ ਹੈ
ਸੁ ਤੁਹਾਨੂੰ ਲੜਨਾ ਹੀ ਪਵੇਗਾ।
ਖ਼ੈਰ ! ਮੈਂ ਬੀਮਾਰੀ ਲੱਭ ਲਈ ਹੈ
ਮੈਂ ਤੁਹਾਡੇ ਵਰਗੇ ਹੋਰ ਬੇਗੁਨਾਹ ਮਰਨ ਤਾਂ ਕੀ ਜੰਮਣ ਵੀ ਨਹੀਂ ਦੇਵਾਂਗਾ।
ਮੈਂ ਤੁਹਾਡੇ ਜਣਨਹਾਰਿਆਂ ਦੇ ਨਸਬੰਦੀ ਅਪਰੇਸ਼ਨ ਕਰਾਂਗਾ
ਮੈਂ ਮੂਰਖ ਨੂੰ ਨਹੀਂ ਮੂਰਖ ਦੀ ਮਾਂ ਨੂੰ ਮਾਰਾਂਗਾ !
ਮੈਂ ਫੈਮਿਲੀ ਪਲਾਨਿੰਗ ਕਰਾਂਗਾ !!
ਫੈਮਿਲੀ ਪਲਾਨਿੰਗ ਕਰਾਂਗਾ !!

(1976)



## ਗੁਰੂ ਗੋਬਿੰਦ ਸਿੰਘ-ਮਾਰਗ

ਗੁਰੂ ਗੋਬਿੰਦ ਸਿੰਘ !
ਤੇਰੇ ਨਾਂ ਤੇ—
ਮਾਰਗ ਇੱਕ ਬਣਵਾ ਸਕਦਾ ਹਾਂ।
'ਦੇਹੁ ਸ਼ਿਵਾ ਬਰ ਮੋਹੇ ਇਹੈ' ਵੀ
ਪੱਥਰਾਂ ਤੇ ਉੱਕਰਾ ਸਕਦਾ ਹਾਂ।
ਇਸ ਤੇ ਤੁਰਨਾ? ਇਹ ਨਾ-ਮੁਮਕਿਨ ਹੈ !
ਕਿਉਂਕਿ ਤੂੰ ਤਾਂ ਸਾਦਾ ਬੋਲੇਂ
ਫਿਰ ਵੀ ਇਉਂ ਵੰਗਾਰ ਬੋਲਦੈਂ
ਹੱਥ ਵਿੱਚ ਲੈ ਤਲਵਾਰ ਬੋਲਦੈਂ—
"ਜੇ ਤਉ ਪ੍ਰੇਮ ਖੇਲਣ ਕਾ ਚਾਓ
ਸਿਰ ਧਰ ਤਲੀ ਗਲੀ ਮੇਰੀ ਆਓ।
ਇਤੁ ਮਾਰਗ ਪੈਰ ਧਰੀਜੈ
ਸਿਰ ਦੀਜੈ ਕਾਣੁ ਨਾ ਕੀਜੈ।"
ਪਰ—
ਮੇਰਾ ਸਿਰ ਮੇਰਾ ਨਹੀਂ ਹੈ
ਇਹ ਮੇਰਾ ਸਿਰ ਤੇਰਾ ਨਹੀਂ ਹੈ !
ਇਹ ਤਾਂ ਮੇਰੇ ਵੋਟਰ ਦਾ ਹੈ
ਵੋਟਰ— ਜੋ ਮੇਰੀ ਪਰਜਾ ਹੈ।
ਜਿਸਦਾ ਮੇਰੇ ਸਿਰ ਕਰਜ਼ਾ ਹੈ।
ਅਜੇ ਤਾਂ ਮੈਂ ਇਹ ਕਰਜ਼ਾ ਲਾਹੁਣੈਂ।
ਇਹ ਸਿਰ ਦੇਣਾ ਦੇਸ਼ ਦੀ ਖ਼ਾਤਰ
ਇਹ ਸਿਰ ਮੈਂ ਲੋਕਾਂ ਲਈ ਲਾਉਣੈਂ।

ਮੈਂ ਵਾਕਫ਼ ਹਾਂ—
ਤੂੰ ਸਿਰ ਮੰਗਣੈਂ
ਮੰਗ ਲੀਤਾ ਤਾਂ ਚੀਜ਼ ਬਿਗਾਨੀ
ਸੋਚ ਜ਼ਰਾ ਮੈਂ ਕਿੰਝ ਹਰਾਂਗਾ?
ਮਹਿੰਗਾਈ ਦੇ ਏਸ ਜ਼ਮਾਨੇ
ਭੰਗ ਦੇ ਭਾੜੇ ਨਹੀਂ ਮਰਾਂਗਾ?

ਕੱਲ੍ਹ ਨੂੰ ਫੇਰ ਇਲੈਕਸ਼ਨ ਆਉਣੀ
ਸਿਰ ਮੈਂ ਤੇਰੀ ਭੇਟਾ ਕਰਕੇ
ਵੋਟਰ ਪੈਰੀਂ ਕੀ ਧਰਾਂਗਾ?

ਮਜ਼ਬੂਰੀ ਹੈ—ਉਂਝ ਸ਼ਰਧਾ ਹੈ।
ਮੈਥੋਂ ਤਾਂ ਬਸ ਇਹ ਸਰਦਾ ਹੈ।
ਗੁਰੂ ਗੋਬਿੰਦ ਸਿੰਘ !
ਤੇਰੇ ਨਾਂ ਤੇ—
ਮਾਰਗ ਇੱਕ ਬਣਵਾ ਸਕਦਾ ਹਾਂ
'ਦੇਹੁ ਸ਼ਿਵਾ ਬਰ ਮੋਹੇ ਇਹੈ' ਵੀ
ਪੱਥਰਾਂ ਤੇ ਉੱਕਰਾ ਸਕਦਾ ਹਾਂ।

ਤੂੰ ਜੇ ਮੈਨੂੰ ਕੁਰਸੀ ਬਖਸ਼ੀ
ਏਨਾ ਵੀ ਮੈਂ ਕਰ ਨਹੀਂ ਸਕਦਾ?
ਮਾਫ਼ ਕਰੀਂ ਪਰ ਮੇਰੇ ਪ੍ਰੀਤਮ
ਮੈਂ ਨੇਤਾ ਹਾਂ—
ਮਰਿਆ ਵੀ ਜੁ ਮਰ ਨਹੀਂ ਸਕਦਾ !
ਸੀਸ ਤਲੀ ਤੇ ਧਰ ਨਹੀਂ ਸਕਦਾ !!

(1976)



## ਕੰਬਲੀ

ਦੇਖ ਫ਼ਰੀਦਾ !
ਤੂੰ ਵੀ ਕੰਬਲੀ ਪਹਿਨ ਲਈ ਸੀ !
ਮੈਂ ਵੀ ਕੰਬਲੀ ਪਹਿਨ ਲਈ ਹੈ !!

ਤੇਰੀ ਕੰਬਲੀ ਤਨ ਢੱਕਦੀ ਸੀ !
ਮੇਰੀ ਕੰਬਲੀ ਮਨ ਢੱਕਦੀ ਹੈ !!

ਤੇਰੀ ਕੰਬਲੀ ਸਾਦ-ਮੁਰਾਦੀ
ਭੋਲੀ ਭਾਲੀ ਮੂਲ ਨਾ ਸ਼ਾਤਰ।
ਮੇਰੀ ਸਾਰੇ ਵਲ਼-ਛਲ਼ ਜਾਣੇ
ਰਾਜਨੀਤੀ ਵਿੱਚ ਡਾਢੀ ਚਾਤਰ।
ਨਿੱਤਨੇਮ ਭਾਵੇਂ ਖੁੰਝ ਜਾਵੇ
ਰੋਜ਼ ਪੜ੍ਹ ਅਖਬਾਰਾਂ ਤੜਕੇ।
ਵੇਖੇ ਵਾਓ ਕਿੱਧਰ ਦੀ ਵਗਦੀ
ਉੱਠ ਸਵੇਰੇ ਕੋਠੇ ਚੜ੍ਹਕੇ।
ਬੁੱਕਲ ਦੇ ਵਿੱਚ ਭੰਨਦੀ ਭੇਲੀ
ਭੰਨਦੀ ਅਗਲੇ ਅੰਦਰ ਵੜਕੇ।

ਇਸਦਾ ਮਨ ਮੈਦਾਨ ਨਹੀਂ ਹੈ
ਇਸਦੇ ਮਨ ਵਿੱਚ ਟਿੱਬੇ ਟੋਏ।
ਦੋਜ਼ਕ-ਅੱਗ ਤੋਂ ਮੂਲ ਨਾ ਡਰਦੀ
ਤੁਰਦੀ ਇਸਦੀ ਲੋਏ-ਲੋਏ !

ਕੰਧਾਂ-ਕੋਠੇ ਮੰਡਪ ਮਾੜੀ
ਸੱਭੋ ਕੁਝ ਉਸਾਰਨ ਚਾਹਵੇ।
ਲਬ ਤੇ ਨੇਹੁੰ ਇਕੱਠੇ ਤੋਰੇ
ਕਾਲੇ ਲਿਖ ਚਿੱਟੇ ਦਿਖਲਾਵੇ।
ਮਿੱਠੀਆਂ ਗੰਦਲਾਂ ਜੱਗ ਦੀਆਂ ਚਰਦੀ
ਸ਼ੱਕਰ ਖਾਵੇ ਮੌਜ ਉਡਾਵੇ।

ਤਨ ਸੁੱਕੇ ਕਿਉਂ ਪਿੰਜਰ ਹੋਵੇ?
ਜਰਬ ਕਿਉਂ ਗੋਗੜ ਨੂੰ ਆਵੇ?
ਭੂਮ ਰੰਗਾਵਲੀ ਨਿੱਤ ਨਿੱਤ ਗਾਹਵੇ
ਦੇਸ਼-ਵਿਦੇਸ਼ ਦੁੜੰਗੇ ਲਾਵੇ !

ਦੇਖ ਫ਼ਰੀਦਾ !
ਤੇਰੀ ਕੰਬਲੀ ਠੁਰ ਠੁਰ ਕਰਦੀ
ਮੇਰੀ ਜੱਗ ਦੇ ਸੇਕ ਹੰਢਾਵੇ।
ਤੇਰੀ ਵਿੱਚ ਰਜ਼ਾ ਦੇ ਰਹਿੰਦੀ
ਮੇਰੀ ਹੱਦ ਬੰਨ੍ਹੇ ਟੱਪ ਜਾਵੇ !
ਮੌਸਮ ਵੇਖ ਬਦਲਦੀ ਰਹਿੰਦੀ
ਰੰਗ ਵਟਾਵੇ ਰੰਗ ਜਮਾਵੇ !
ਧਰਮ ਸਿਆਸਤ ਸਭ ਕੁਝ ਵਰਤੇ
ਵਰਤੇ ਭੋਰ ਭੋਰ ਕੇ ਖਾਵੇ।
ਕਰਨ ਮਿਹਰ ਸਰਕਾਰਾਂ ਇਸਤੇ
ਚੜ੍ਹਦੇ ਸੂਰਜ ਸੀਸ ਝੁਕਾਵੇ।
ਵੇਖ ਨਿਸ਼ਾਨਾ ਤੀਰ ਚਲਾਵੇ
ਆਪਣੀ ਜੈ ਜੈ ਕਾਰ ਕਰਾਵੇ !

ਦੇਖ ਫ਼ਰੀਦਾ !
ਤੇਰੀ ਕੰਬਲੀ ਲੋਕਾਂ ਜੋਗੀ
ਮੇਰੀ ਲੀਡਰ ਲੋਕ ਹੰਢਾਉਂਦੇ।
ਜਦੋਂ ਵਿਰੋਧੀ ਵਗਣ ਹਵਾਵਾਂ
ਝੱਖੜ ਵਗੇ ਪਏ ਜਾਂ ਕੱਕਰ
ਇਸਦਾ ਝੁੰਬ ਮਾਰਕੇ ਤੁਰਦੇ
ਮੂੰਹ ਛੁਪਾਉਂਦੇ, ਆਪ ਬਚਾਉਂਦੇ !
ਲੋਕ-ਅੱਖਾਂ ਵਿੱਚ ਘੱਟਾਂ ਪਾਉਂਦੇ !!
ਆਪਣੀ ਡਿੱਗੀ ਸ਼ਾਖ ਬਚਾਉਂਦੇ !!!
ਮੇਰੀ ਕੰਬਲੀ ਬਗਲੇ ਵਰਗੀ
ਇੱਕ ਲੱਤ ਖੜਕੇ ਸੀਸ ਨਿਵਾਉਂਦੀ।
ਮੱਛੀ ਵੇਖ ਮਾਰਦੀ ਝਪਟਾ
ਜੋ ਜੋ ਚਿਤਵੇ ਸੋਈ ਪਾਉਂਦੀ !



ਦੇਖ ਫ਼ਰੀਦਾ !
ਨਾ ਤਨ ਤਪੇ ਨਾ ਹੱਡ ਹੀ ਬਲਦੇ
ਸਿਰ ਦੇ ਭਾਰ ਕਦੇ ਨਾ ਜਾਵੇ
ਬੰਗਲੇ ਬੈਠ ਮਾਣਦੀ ਮੌਜਾਂ
ਇਹ ਜੀਭਾ ਦੀ ਖੱਟਿਆ ਖਾਵੇ।
ਮੇਵਾ ਪਹਿਲੋਂ ਪਿੱਛੋਂ ਸੇਵਾ
ਉਨ ਨਿਕਾਰੇ ਪੱਟ ਹੰਢਾਵੇ।
ਧਰੇ ਸਮਾਗਮ ਵਰਤੇ ਜੁਗਤਾਂ
ਅਖ਼ਬਾਰੀਂ ਚਰਚਾ ਕਰਵਾਵੇ।
ਮਿੱਠੀਆਂ ਮਾਰੇ, ਲੋਕਾਂ ਚਾਰੇ
ਸਿਰ ਵਿੱਚ ਜਾਦੂ ਧੂੜ ਵਿਖਾਵੇ।
ਦਾਓ ਲੱਗੇ ਤਾਂ ਮੱਲ ਕੁ ਦੇਣੇ
ਬਗਲੋਂ ਕੱਢ ਕੇ ਛੁਰੀ ਚਲਾਵੇ !

ਦੇਖ ਫ਼ਰੀਦਾ !
ਤੇਰੀ ਕੰਬਲੀ ਖਾਵੇ ਰੁੱਖੀ
ਠੰਢੇ ਪਾਣੀ ਡੰਗ ਟਪਾਵੇ।
ਮੇਰੀ ਸਭ ਪਦਾਰਥ ਭੋਗੇ
ਜੋ ਆਵੇ ਸੋਈ ਛਕ ਜਾਵੇ !
ਦੱਭ ਸਿਰਫ ਸਰਕਾਰੀ ਦਰ ਤੇ
ਪੰਥ ਲਈ ਪੋਹਲੀ ਬਣ ਜਾਵੇ !!

ਮੇਰੀ ਕੰਬਲੀ ਉਤੇ ਲੋਕੀ
ਲੀਡਰੀਆਂ ਦੀਆਂ ਵੇਲਾਂ ਪਾਉਂਦੇ !
ਚੌਧਰ ਸੰਦੀ ਪੀਕੋ ਕਰਦੇ
ਇਸਨੂੰ ਮਨ ਚਾਹਿਆ ਰੰਗਵਾਉਂਦੇ !!
ਦਿਨ-ਦਿਹਾਰ ਤੇ ਮੋਢੇ ਲੈ ਕੇ
ਮੋਰਾਂ ਵਾਂਗੂੰ ਪੈਲਾ ਪਾਉਂਦੇ !!!

ਕੰਬਲੀ ਭਿੱਜੇ ਕੰਬਲੀ ਸਿੱਜੇ
ਤੂੰ ਤਾਂ ਲਿਆ ਨਿਭਾਅ ਫ਼ਰੀਦਾ !

ਭਿੱਜਿਆਂ ਸਿੱਜਿਆਂ ਇਸਦੇ ਐਪਰ
ਮੇਰਾ ਨਹੀਂ ਨਿਰਬਾਹ ਫ਼ਰੀਦਾ !!

ਮੈਨੂੰ ਤਾਂ ਹੈ ਇੱਕੋ ਚਾਹਨਾਂ
ਚਾਰ ਕੁ ਬੰਦੇ ਬਰਦੇ ਹੋਵਣ।
ਮੇਰਾ ਨਾਂ ਲੈ ਜੀਂਦੇ ਹੋਵਣ
ਮੇਰਾ ਨਾਂ ਲੈ ਮਰਦੇ ਹੋਵਣ।
ਮੇਰੇ ਮਨ ਵਿੱਚ ਆਸ ਘਨੇਰੀ
ਮੇਰੀ ਬੱਲੇ ਬੱਲੇ ਹੋਵੇ।
ਮੈਂ ਸਭਨਾਂ ਤੋਂ ਉਤੇ ਹੋਵਾਂ
ਇਹ ਸਾਰਾ ਜੱਗ ਥੱਲੇ ਹੋਵੇ !
ਸੱਧਰ ਸੀਨੇ ਵਿੱਚ ਲਟ ਲਟ ਬਲਦੀ
ਪੰਥ ਮਰੇ, ਮੈਂ ਜੀਵਾਂ ਬਾਬਾ !!
ਇੱਕ ਹਉਮੈ ਨੂੰ ਪੈਸਣ ਪੱਠੇ
ਘੋਲ ਪਤਾਸੇ ਪੀਵਾਂ ਬਾਬਾ !!!

(1988)



## ਲੀਡਰ

ਮੈਂ ਇੱਕ ਘਾਗ ਸਿੱਖ-ਸਿਆਸਤਦਾਨ ਹਾਂ !
ਜੁ ਕੁਝ ਦਿਨਾਂ ਤੋਂ ਪ੍ਰੇਸ਼ਾਨ ਹਾਂ। ਬਹੁਤ ਪੇਸ਼ਮਾਨ ਹਾਂ !!
ਮੈਂ ਜੁ ਪੰਥ ਦੀ ਚੜ੍ਹਦੀ ਕਲਾ ਦਾ ਤਲਬਗਾਰ ਹਾਂ
ਕੁਝ ਦਿਨਾਂ ਤੋਂ ਸ਼ਰਮਸ਼ਾਰ ਹਾਂ ! ਬਹੁਤ ਹੀ ਸ਼ਰਮਸ਼ਾਰ ਹਾਂ !!

ਉਂਜ ਮੈਂ ਪੰਥ ਲਈ ਸੀਸ ਤਲੀ ਤੇ ਧਰਨ ਲਈ ਤਿਆਰ ਹਾਂ
ਤੇ ਕੌਮ ਲਈ ਮਰਨ ਵਾਸਤੇ ਵੀ ਬੇਕਰਾਰ ਹਾਂ
ਪਰ ਇਹ ਅੰਦਰੇ-ਅੰਦਰ ਸਿਰਫ਼ ਮੈਨੂੰ ਹੀ ਪਤਾ ਹੈ
ਕਿ ਮੈਂ ਇਹ ਸਭ ਕੁਝ ਗੱਲੀਂ-ਬਾਤੀਂ ਤੇ ਭਾਸ਼ਣਾਂ ਰਾਹੀਂ ਹੀ
ਕਰਨ 'ਚ ਹੁਸ਼ਿਆਰ ਹਾਂ !
ਮੈਂ ਜੁ ਇੱਕ ਇਤਿਹਾਸਕ-ਪਾਤਰ ਹਾਂ
ਇਸ ਕਿੱਤੇ 'ਚ ਬਹੁਤ ਦੇਰ ਤੋਂ ਮਾਹਰ ਹਾਂ !!

ਆਖਣ ਨੂੰ ਤਾਂ ਮੈਂ ਗੁਰੂ ਕਾ ਸਿੰਘ ਹਾਂ
ਪੰਥ ਦਾ ਦਾਸ ਹਾਂ !
ਪਰ ਮੇਰੇ ਚੋਂ ਗੁਰੂ ਕਾ ਸਿੰਘ ਗੁਜ਼ਰ ਗਿਆ ਹੈ
ਤੇ ਪੰਥ ਦਾ ਦਾਸ ਕਦੋਂ ਦਾ ਮਰ ਗਿਆ ਹੈ !
ਮੈਂ ਬੜੀ ਵੇਰ ਗੁਰੂ ਨੂੰ ਬੇਦਾਵਾ ਲਿਖਿਆ ਹੈ
ਤੇ ਕੌਮ ਦਾ ਵਿਸ਼ਵਾਸ ਟੁੱਕਿਆ ਹੈ !
ਪਰ ਮੈਂ ਏਨਾ ਕੱਚਾ ਨਹੀਂ
ਕਿ ਆਪਣੀ ਗ਼ਲਤੀ ਦੇ ਪਸ਼ਚਾਤਾਪ ਵਜੋਂ
ਖਿਦਰਾਣੇ ਦੀ ਢਾਬ ਤੇ ਜਾ
ਆਪਣੀ ਬਚਾਈ ਜਾਨ ਖੇਹ 'ਚ ਲੈ ਰੁਲਾਵਾਂ
ਤੇ ਆਪਣੇ ਹੱਥਾਂ ਦਾ ਸੋਚ-ਸਮਝ ਕੇ ਲਿਖਿਆ
ਬੇਦਾਵਾ ਜਾ ਪੜਵਾਵਾਂ।
ਆਪਣੇ ਕੀਤੇ ਗੁਨਾਹ ਕੌਮ ਤੋਂ ਆਪਣੀ ਝੋਲੀ 'ਚ ਪੁਆ ਲਵਾਂ
ਤੇ ਜਿਉਂਦੇ-ਜੀਅ ਆਪਣੀ ਲੀਡਰੀ ਦਾ ਹੀ ਭੋਗ ਪਾ ਲਵਾਂ !

ਮੈਂ ਬੜੀ ਵੇਰ ਅਰਦਾਸ ਕਰਕੇ ਹਰ ਮੋਰਚਾ ਭਖਾਇਆ ਹੈ
ਗੁਰੂ ਦੇ ਵਫ਼ਾਦਾਰ ਸਿੰਘਾਂ ਨੂੰ ਜੇਲ੍ਹਾਂ 'ਚ ਸੁਟਵਾਇਆ ਹੈ
ਤੇ ਗੋਲੀਆਂ ਨਾਲ ਭੁੰਨਵਾਇਆ ਹੈ !
ਮੈਂ ਬੜੀਆਂ ਮਾਵਾਂ-ਭੈਣਾਂ ਨੂੰ ਵਿਧਵਾ ਕੀਤਾ ਹੈ
ਤੇ ਮਾਸੂਮ ਬਾਲਾਂ ਨੂੰ ਯਤੀਮ ਬਣਵਾਇਆ ਹੈ !
ਪਰ ਮੈਂ ਕੌਮ ਦਾ ਸਦਾ-ਬਹਾਰ ਲੀਡਰ ਵੀ ਤਾਂ ਰਹਿਣਾ ਹੈ
ਇਸ ਲਈ ਇਹ ਅੰਦਰਖਾਤੇ ਮੈਂ ਹਰ ਸਰਕਾਰ ਨਾਲ
ਗਾਂਢਾ-ਸਾਂਢਾ ਰੱਖਿਆ ਹੈ
ਤੇ ਸਮਝੌਤੇ ਦਾ ਕੋਈ ਰਾਹ ਅਪਨਾਅ ਕੇ
ਵਿੱਚ-ਵਿਚਾਲਾ ਕਰ ਵਿਖਾਇਆ ਹੈ !
ਸਿੰਘਾਂ ਦੀ ਸ਼ਹਾਦਤ ਨੂੰ ਖ਼ੂਹ-ਖਾਤੇ ਸੁੱਟ ਕੇ
ਹਰ ਮੋਰਚਾ ਮੁਕਾਇਆ ਹੈ
ਤੇ ਹਾਰ ਕੇ ਵੀ ਜਿੱਤ ਦਾ ਨਾਅਰਾ ਲਾਇਆ ਹੈ !!
ਮੈਂ ਗੁਰੂ ਦੇ ਸਨਮੁਖ ਅਰਦਾਸੇ ਸੋਧ ਸੋਧ ਕੇ
ਮਰਨ-ਵਰਤ ਵੀ ਰੱਖੇ ਹਨ
ਪਰ ਗੁਰੂ ਦੇ ਵਫ਼ਾਦਾਰ ਸਿੰਘਾਂ ਨੂੰ
ਸਦਾ ਬੇਸਮਝ ਤੇ ਬੇਵਕੂਫ਼ ਸਿੱਧ ਕੀਤਾ ਹੈ
ਤੇ ਜੂਸ ਪੀ ਕੇ ਆਪ ਪਿੰਡਾ ਵੀ ਬਚਾਇਆ ਹੈ !
ਪਰ ਉਹਨਾਂ ਨੂੰ ਫਿਰ ਵੀ ਆਪਣੇ ਮਗਰ ਲਾਇਆ ਹੈ !!

ਮੈਂ ਗੁਫ਼ਤਾਰ ਦਾ ਗ਼ਾਜ਼ੀ ਹਾਂ—
ਜਦ ਵੀ ਮੈਂ ਲੱਛੇਦਾਰ ਤੇ ਗੁਰਬਾਣੀ ਦੀ ਜੜਤ ਵਾਲੇ
ਭਾਸ਼ਣ ਕੀਤੇ ਹਨ
ਲੋਕਾਂ ਦਾ ਖ਼ੂਨ ਗਰਮਾਇਆ ਹੈ !
ਤੇ ਸੰਗਤ 'ਚ ਪਹਿਲੋਂ ਸਿਖਾ ਕੇ ਬਿਠਾਏ
ਆਪਣੇ ਕਿਸੇ ਟੋਡੀ ਤੋਂ ਜੈਕਾਰਾ ਵੀ ਬੁਲਾਇਆ ਹੈ !!
ਮੈਂ 'ਪੰਥ-ਰਤਨ' ਹਾਂ 'ਸੰਤ ਬਾਬਾ' ਹਾਂ
'ਸਰਦਾਰੇ-ਆਜ਼ਮ' ਹਾਂ 'ਸ਼ਿਰੋਮਣੀ ਲੀਡਰ' ਹਾਂ
ਮੈਂ ਗੁਰੂ ਵਾਂਗ
ਹਰ ਮੋਰਚੇ 'ਚ ਸਿੱਖਾਂ ਤੋਂ ਸਿਰ ਵੀ ਮੰਗੇ ਹਨ



ਪਰ ਉਹਨਾਂ ਦੇ ਸਿਰ ਵਢਾ ਕੇ ਇਹਨਾਂ ਦੇ ਮੁੱਲ ਵੀ ਵੱਟੇ ਹਨ
ਪਰ ਮੈਂ ਗੁਰੂ ਜਿੰਨਾ ਭੋਲਾ ਨਹੀਂ
ਜੁ ਆਪਣਾ ਸਰਬੰਸ ਵਾਰ ਦੇਵਾਂ
ਮੈਂ ਆਪਣੇ ਪਿੰਡੇ ਤੇ ਇੱਕ ਝਰੀਟ ਨਹੀਂ ਆਉਣ ਦਿੱਤੀ
ਤੇ ਟੱਬਰ ਕੀ ਦੂਰ ਦੇ ਰਿਸ਼ਤੇਦਾਰਾਂ
ਦੀਆਂ ਵੀ ਕੁੱਖਾਂ ਕੱਢ ਦਿੱਤੀਆਂ ਹਨ
ਉਹਨਾਂ ਨੂੰ ਕੌਮ ਦੇ ਕੱਲ੍ਹ ਦੇ ਨੇਤਾ ਵੀ ਬਣਾਇਆ ਹੈ !
ਤੇ ਆਪਣੇ ਸਿਆਸੀ-ਭਵਿੱਖ ਲਈ
ਉਹਨਾਂ ਨੂੰ ਵੰਡ ਵੰਡ ਕੇ ਅੱਡੋ-ਅੱਡ
ਪਾਰਟੀਆਂ 'ਚ ਪਾਇਆ ਹੈ !!

ਮੈਂ ਜਾਣਦਾ ਹਾਂ
ਕਿ ਮੈਂ ਗੁਰੂ ਨੂੰ ਸਦਾ ਹੀ ਪਿੱਠ ਦਿੱਤੀ ਹੈ
ਉਸਦੇ ਪੰਥ ਨੂੰ ਵੀਹ ਵੇਰੀ
ਵੇਖਿਆ-ਵੱਟਿਆ ਤੇ ਮਰਵਾਇਆ ਹੈ
ਪਰ ਮੈਂ ਏਨਾ ਘੋਗਲ-ਕੰਨਾ ਨਹੀਂ
ਮੈਂ ਸੰਗਤਾਂ ਦਾ ਰੌਂ ਵੇਖ ਕੇ ਚਲਦਾ ਰਿਹਾ ਹਾਂ !
ਮੈਂ ਭਾੜੇ ਦੇ ਟੱਟੂ ਅਖ਼ਬਾਰਾਂ ਨੂੰ
ਇਸ਼ਤਿਹਾਰਾਂ ਦਾ ਚਟ੍ਹਾਲਾ ਪਾ ਕੇ
ਵਰਾਇਆ ਤੇ ਚੁੱਪ ਕਰਾਇਆ ਹੈ !
ਤੇ ਪ੍ਰਭਾਵੀ-ਪਰਚਿਆਂ ਦੀਆਂ ਸਦਾ ਲੱਤਾਂ ਘੁੱਟੀਆਂ ਹਨ
ਉਹਨਾਂ ਨੂੰ ਮਿੰਨਤ ਨਾਲ ਵੀ ਮਨਾਇਆ ਹੈ !!

ਮੇਰੀ ਝੱਗੀ ਦੀ ਜੇਬ 'ਚ
ਦਲ ਦੀਆਂ, ਕਮੇਟੀ ਦੀਆਂ
ਅਸੈਂਬਲੀ ਦੀਆਂ, ਪਾਰਲੀਮੈਂਟ ਦੀਆਂ
ਅਤੇ ਕਾਰਪੋਰੇਸ਼ਨਾਂ ਤੇ ਬੋਰਡਾਂ ਦੀਆਂ ਕਿੰਨੀਆਂ ਹੀ ਟਿਕਟਾਂ/ਪੋਸਟਾਂ ਹਨ
ਜਦ ਵੀ ਤੇ ਜਿੰਨਾ ਵੀ ਕੋਈ ਮੇਰੇ ਖਿਲਾਫ਼ ਭੌਂਕਿਆ ਹੈ
ਮੈਂ ਉਸਦਾ ਮੂੰਹ ਬੰਦ ਕਰਨ ਲਈ
ਉਸਦੇ ਮੇਚੇ ਦਾ ਟਿਕਟ ਉਸਦੇ ਮੂੰਹ 'ਚ ਪਾਇਆ ਹੈ
ਇੰਜ ਸਗੋਂ ਆਪਣਾ ਪੱਖ ਵੀ ਬਣਾਇਆ ਹੈ !
ਤੇ ਆਪਣੀ ਕੁਰਸੀ ਦੀਆਂ ਲੱਤਾਂ ਨੂੰ
ਭੋਰਾ ਸੀਮੈਂਟ ਵੀ ਲਾਇਆ ਹੈ !!

ਪਰ ਪਿਛਲੇ ਕੁਝ ਸਮੇਂ ਤੋਂ
ਜਦ ਤੋਂ ਸਰਕਾਰ ਨੇ ਹਰਿਮੰਦਰ ਨੂੰ ਛਾਨਣੀ ਕੀਤਾ ਹੈ
ਤੇ ਅਕਾਲ ਤਖ਼ਤ ਨੂੰ ਢਾਹਿਆ ਹੈ
ਪਰਕਰਮਾ ਵਿੱਚ ਨਿਹੱਥੇ ਲੋਕਾਂ ਨੂੰ ਭੁੰਡਿਆ ਹੈ
ਤੇ ਗੁਰ-ਵਿਰਸੇ ਨੂੰ ਜਲਾਇਆ ਹੈ !
ਮੈਂ ਬਹੁਤ ਪ੍ਰੇਸ਼ਾਨ ਹਾਂ ! ਮੈਂ ਸੁੱਤਾ ਨਹੀਂ !!
ਉਂਜ ਮੈਂ ਨਿਹੱਥੇ ਲੋਕਾਂ ਨੂੰ ਭੁੱਜਦੇ
ਤੇ ਅਕਾਲ ਤਖ਼ਤ ਨੂੰ ਸੜਦੇ ਛੱਡ ਕੇ
ਅਕਲ ਦੀ ਚਾਲ ਨਾਲ ਨਿਕਲ ਕੇ
ਪੰਚਮਗੀ ਜੇਲ੍ਹ ਵਿੱਚ ਸੁਰੱਖਿਅਤ ਵੀ ਬੈਠ ਗਿਆ ਹਾਂ
ਤੇ ਮੈਂ ਸਿਰ ਤੇ ਪੈਰ ਰੱਖ ਕੇ ਮੁਲਕੋਂ ਭੱਜ ਕੇ
'ਸੰਤਾਂ ਦਾ ਸੰਦੇਸ਼ਵਾਹਕ' ਹੋਣ ਦਾ ਲੇਬਲ ਵੀ
ਆਪਣੇ ਮੱਥੇ ਤੇ ਲਾਇਆ ਹੈ
ਮੈਂ ਕਾਨਫਰੰਸਾਂ ਕਰਕੇ ਗੋਂਗਲੂਆਂ ਤੋਂ ਮਿੱਟੀ ਵੀ ਝਾੜੀ ਹੈ
ਤੇ ਸੰਗਤਾਂ ਦੀਆਂ ਅੱਖਾਂ 'ਚ ਮਣਾਂ-ਮੂੰਹੀਂ ਘੱਟਾ ਵੀ ਪਾਇਆ ਹੈ।

ਮੈਂ ਲੰਡਨ ਸਾਊਥਾਲ ਦੇ ਸਭ ਤੋਂ ਵੱਡੇ ਗੁਰਦੁਆਰੇ 'ਚ
ਆਪਣੇ ਸਿਆਸੀ-ਜੋਤਿਸ਼ ਦਾ ਸਿੱਕਾ ਵੀ ਜਮਾਇਆ ਹੈ।
ਤੇ ਆਪਣੇ ਕਿੰਨੀ ਦੇਰ ਪਹਿਲੋਂ ਦੇ ਲਾਏ ਨਾਅਰੇ ਸੰਗ
ਪੰਥ ਨੂੰ ਮੰਜ਼ਿਲ ਦਾ ਰਾਹ ਵੀ ਦਰਸਾਇਆ ਹੈ।
ਮੈਂ ਵੈਨਕੂਵਰ ਦੇ ਗੁਰੂ-ਘਰਾਂ 'ਚ ਹਰਿਮੰਦਰ ਦੇ
ਛਾਨਣੀ ਹੋਣ ਦਾ ਵਿਰਲਾਪ ਵੀ ਕੀਤਾ ਹੈ
ਤੇ ਸਟਾਕਟਨ ਦੇ ਗ਼ਦਰੀ-ਗੁਰਦੁਆਰੇ 'ਚ
ਪੰਥ ਦੀ ਆਜ਼ਾਦ ਹਸਤੀ ਦਾ ਨਾਅਰਾ ਵੀ ਲਾਇਆ ਹੈ।
ਮੈਂ ਨਿਊਯਾਰਕ ਵਿੱਚ ਸੁਲਝੇ ਹੋਏ ਬਿਆਨ ਵੀ ਦਾਗ਼ੇ ਹਨ
ਤੇ ਕੌਮ ਨੂੰ ਚੱਕ੍ਰਿਤ ਕਰ ਵਿਖਾਇਆ ਹੈ !

ਮੈਂ ਵਾਸ਼ਿੰਗਟਨ 'ਚ
ਪੰਥ ਦੀ ਹੋਣੀ ਉਤੇ ਆਪਣੀ ਬੇਵਸੀ ਦੇ ਹੰਝੂ ਕੇਰ ਕੇ
ਨੌਜਵਾਨ ਵੀ ਭਰਮਾ ਸਕਦਾ ਹਾਂ



ਤੇ ਲੀਡਰੀ ਦੀ ਦੁਲਹਨ ਵੀ ਪਰਨਾਅ ਸਕਦਾ ਹਾਂ !
ਹੱਥ ਤੇ ਸਰ੍ਹੋਂ ਜਮਾ ਸਕਦਾ ਹਾਂ !!
ਤੇ ਨਾ ਕੁਛ ਕਰ ਸਕਣ ਦੀ ਸੂਰਤ 'ਚ
ਗੱਦੀ ਛੱਡ ਜਾਣ ਦਾ ਨਾਅਰਾ ਲਾ ਕੇ
ਆਪਣਾ ਤੀਰ ਐਨ ਨਿਸ਼ਾਨੇ ਤੇ ਵੀ ਲਾ ਸਕਦਾ ਹਾਂ !!!
ਮੈਂ ਕੁਆਲਾਲੰਪੁਰ ਦੇ ਤੱਤ ਖਾਲਸਾ ਗੁਰਦੁਆਰੇ ਤੋਂ ਲੈ ਕੇ
ਯੂਬਾ ਸਿਟੀ ਦੇ ਗੁਰਦੁਆਰੇ ਤੱਕ
ਪੰਥ ਨੂੰ ਇੱਕ ਲੜੀ 'ਚ ਪ੍ਰੋਤਾ ਹੈ
ਤੇ ਦੂਰ ਦਿਸ-ਹੱਦੇ ਤੱਕ
ਆਪਣੀ ਲੀਡਰੀ ਦਾ ਝੰਡਾ ਵੀ ਲਹਿਰਾਇਆ ਹੈ !
ਮੈਂ ਕੌਮ ਦੀ ਤਨ ਮਨ ਤੇ ਧਨ ਨਾਲ
ਸਵਾ ਸੋਲਾਂ ਆਨੇ ਸੱਚੇ ਦਿਲੋਂ ਸੇਵਾ ਕੀਤੀ ਹੈ
ਤੇ ਪੰਥ ਦੇ ਕਬੂਤਰਾਂ ਨੂੰ
ਆਪਣੀਆਂ ਤਲੀਆਂ ਤੇ ਚੋਗਾ ਚੁਗਾਇਆ ਹੈ !
ਤੇ ਇੰਜ ਆਪਣੀ ਛੱਤਰੀ ਤੇ ਬਿਠਾਇਆ ਹੈ !!!

ਮੈਂ ਮੋਰਚਿਆਂ 'ਚੋਂ ਵਿਚਰ ਕੇ ਤਿੱਖਾ
ਤੇ ਘਟਨਾਵਾਂ ਚੋਂ ਲੰਘ ਕੇ ਸਿਆਣਾ ਹੋ ਗਿਆ ਹਾਂ
ਮੈਂ ਕੌਮ ਦੇ ਰਿਫ਼ੀਊਜ਼ੀਆਂ ਲਈ
ਮਾਇਆ ਦੇ ਖੁੱਲ੍ਹੇ-ਗੱਫ਼ੇ ਵੀ ਇਕੱਠੇ ਕੀਤੇ ਹਨ
ਪਰ ਐਤਕੀਂ ਮੈਂ ਆਈ ਮਾਇਆ ਦੇ
ਅਖ਼ਬਾਰਾਂ 'ਚ ਵੇਰਵੇ ਵੀ ਛਾਪੇ ਹਨ
ਤੇ ਦਾਨੀਆਂ ਨੂੰ ਪੱਕੀਆਂ ਰਸੀਦਾਂ ਵੀ ਦਿੱਤੀਆਂ ਹਨ
ਤੇ ਗੁਰੂ ਦੀ ਸਹੁੰ
ਐਤਕੀਂ ਮੈਂ ਹਿਸਾਬ ਨੂੰ ਇੱਕੋ ਰਜਿਸਟਰ ਹੀ ਲਾਇਆ ਹੈ !
ਮੈਂ ਪੰਥ ਦੀ ਕਿਸੇ ਸੇਵਾ ਲਈ ਦੁਆਨੀ ਵੱਧ ਨਹੀਂ ਖਰਚੀ
ਜਿੰਨਾ ਹੋ ਸਕਿਆ ਹੈ ਬਚਾਇਆ ਹੈ !!
ਮੈਂ ? ਮੈਂ ਪੰਥ ਦਾ ਪੈਸਾ-ਪੈਸਾ ਸਾਂਭ ਕੇ ਵਿਖਾਇਆ ਹੈ !!

ਅਕਾਲ ਤਖ਼ਤ ਢਹਿ ਗਿਆ ਹੈ
ਹਰਿਮੰਦਰ ਛਾਨਣੀ ਹੋ ਗਿਆ ਹੈ

ਜੁਆਨੀ ਗੰਨਿਆਂ ਵਾਂਗ ਟੋਟੇ ਟੋਟੇ ਕਰ ਦਿੱਤੀ ਗਈ ਹੈ
ਲੋਕੀ ਦਾਣਿਆਂ ਵਾਂਗ ਭੁੰਨ ਦਿੱਤੇ ਗਏ ਹਨ
ਭੱਜਦੇ-ਲੁਕਦੇ ਮਾਸੂਮ ਬੱਚੇ
ਮਾਵਾਂ ਸਮੇਤ ਫੂੰਡ ਦਿੱਤੇ ਗਏ ਹਨ
ਸਰਕਾਰੀ-ਦਰਿੰਦਿਆਂ ਨੇ ਦਿਨ-ਦਿਹਾੜੇ ਘਰ ਲੁੱਟ ਲਿਆ ਹੈ
ਕੌਮ ਲਾਵਾਰਸ ਹੋ ਗਈ ਹੈ
ਕੋਈ ਨਾ ! ਗੁਰੂ ਦੀ ਮਿਹਰ ਚਾਹੀਦੀ ਹੈ-ਸਭ ਭੁੱਲ ਜਾਏਗਾ !
ਉਹ ਆਪ ਸਾਂਭੇਗਾ-ਪੰਥ ਦਾ ਵਾਲੀ ਹੈ !!
ਉਹ ਆਪ ਟਿਕ-ਟਿਕਾ ਵੀ ਕਰੇਗਾ
ਮੈਨੂੰ ਕੁਰਸੀ ਤੇ ਵੀ ਬਿਠਾਵੇਗਾ
ਪੰਥ ਨੂੰ ਨੱਥਣ ਦੀ ਸ਼ਕਤੀ ਵੀ ਬਖਸ਼ੇਗਾ
ਜਿਸਨੇ ਮੈਨੂੰ ਪੰਥ ਦੀ ਸੇਵਾ ਤੇ ਲਾਇਆ ਹੈ !
ਵੀਹ ਵੇਰੀ ਸਿੱਟ ਸਿੱਟ ਕੇ ਮੁੜ ਕੁਰਸੀ ਤੇ ਬਿਠਾਇਆ ਹੈ !!
ਮੈਂ 'ਵਿਗੜੇ ਬਾਲਕ' ਨੂੰ ਇਸ ਖਿਡੌਣੇ ਸੰਗ ਵਰਚਾਇਆ ਹੈ !!!!
ਪਰ ਕਿੰਨੇ ਹੀ ਦਿਨਾਂ ਤੋਂ ਮੈਂ ਕਿਧਰੇ ਵੀ ਸੁਰੱਖਿਅਤ ਨਹੀਂ
ਪਤਾ ਨਹੀਂ ਮੈਨੂੰ ਕਿਉਂ ਨੀਂਦ ਨਹੀਂ ਆ ਰਹੀ ?
ਮੇਰਾ ਦਿਲ ਕਿਉਂ ਘਟਦਾ ਹੈ ?
ਮੇਰੀ ਆਤਮਾ ਕਿਉਂ ਤੜਪਦੀ ਹੈ ?
ਮੈਂ ਪ੍ਰੇਸ਼ਾਨ ਹਾਂ ! ਬਹੁਤ ਪਸ਼ੇਮਾਨ ਹਾਂ !!
ਮੈਂ ਜੁ ਗੁਰੂ ਘਰ ਦਾ ਕੂਕਰ ਹਾਂ !
ਪੰਥ ਦਾ ਦਾਸ ਹਾਂ !!
ਇੱਕ ਘਾਗ ਸਿੱਖ-ਸਿਆਸਤਦਾਨ ਹਾਂ !!!

(ਮਈ, 1986)



## ਸੁੱਖ-ਸਾਂਦ

ਲਿਖਤੁਮ ਸ਼ੇਰ ਸਿੰਘ
ਅੱਗੇ ਵਾਚਣਯੋਗ ਪ੍ਰੇਮ ਪਿਆਰੇ ਦਸਮੇਸ਼ ਪਿਤਾ ਜੀਓ !
ਅਸੀਂ ਸਾਰੇ ਆਪ ਜੀ ਦੀ ਕ੍ਰਿਪਾ ਸਦਕਾ ਇੱਥੇ ਰਾਜ਼ੀ ਖੁਸ਼ੀ ਹਾਂ
ਆਪ ਜੀ ਤਾਂ ਸਦਾ ਚੜ੍ਹਦੀਆਂ ਕਲਾ ਵਿੱਚ ਹੋਵੋਗੇ ਹੀ !
ਕਈ ਦਿਨਾਂ ਦਾ ਦਿਲ ਕਰਦਾ ਸੀ ਕਿ ਖ਼ਤ ਲਿਖਾਂ
ਪਰ ਕੰਪਨੀ ਵਿੱਚ ਓਵਰਟਾਈਮ ਲੱਗਣ ਕਰਕੇ
ਚਿੱਠੀ ਲਿਖਣ 'ਚ ਢਿੱਲ ਹੋ ਗਈ ਹੈ-ਖਿਮਾਂ ਕਰਨਾ ਜੀ !
ਪ੍ਰਦੇਸਾਂ ਵਿੱਚ ਤਾਂ ਆਪ ਜੀ ਨੂੰ ਪਤਾ ਹੀ ਹੈ
ਕਿ ਬਿੱਲ-ਬੱਤੀਆਂ ਹੀ ਬੰਦੇ ਨੂੰ ਮਾਰ ਲੈਂਦੇ ਹਨ ! ਖ਼ੈਰ—

ਪਿਤਾ ਜੀਓ ! ਅੱਗੇ ਸਮਾਚਾਰ ਇਹ ਹੈ
ਕਿ ਸ਼੍ਰੋਮਣੀ ਕਮੇਟੀ ਦੀਆਂ ਪਰਚੀਆਂ ਪੈਣ ਦਾ ਰੇੜਕਾ ਮੁੱਕ ਗਿਆ ਹੈ।
ਇੱਕ ਤਰ੍ਹਾਂ ਨਾਲ ਜੱਗੋਂ ਤੇਰ੍ਹਵੀਂ ਹੋਈ ਹੈ।
ਹੈਰਾਨਕੁੰਨ ਨਤੀਜੇ ਜੁ ਨਿਕਲ ਆਏ ਹਨ !
ਪਹਿਲਾ ਨਤੀਜਾ ਇਹ ਕਿ ਸਿੱਖਾਂ ਨੂੰ
ਸੁਰਤ ਆਉਣ ਦੀ ਸੰਭਾਵਨਾ ਫਿਲਹਾਲ ਰੱਦ ਹੋ ਗਈ ਹੈ !
ਦੂਜਾ ਇਹ ਕਿ ਸਿੱਖਾਂ ਉੱਤੇ ਔੜ ਦੇ ਇਸ ਮੌਸਮ ਵਿੱਚ
ਝੂਠ ਦਾ ਅਜਿਹਾ ਬੱਦਲ ਗੱਜਿਆ ਤੇ ਸ਼ਰਾਬ ਦੀ ਬਾਰਸ਼ ਹੋਈ ਹੈ
ਕਿ ਵਾਜਿਆਂ, ਰੋਡਿਆਂ, ਮਾਨਾਂ, ਦੀਵਾਨਾਂ ਵਾਲੇ ਸੱਭੇ ਰੁੜ੍ਹ ਗਏ ਹਨ !
ਤੇ ਐਤਕੀਂ ਸਿੱਖਾਂ ਦੀ ਇਸ ਧਾਰਮਿਕ-ਸੰਸਥਾ ਦੀ ਚੋਣ 'ਚ
ਸਿਆਸੀ-ਸਿੱਖ ਨੇਤਾ ਤਾਂ ਪੂਰੀ ਤਰ੍ਹਾਂ ਚਿਤੰਨ ਰਹੇ ਹਨ,
ਧਾਰਮਿਕ-ਸਿੱਖ ਨੇਤਾ ਅਨਾੜੀ ਤੇ ਆਮ ਸਿੱਖ ਅਵੇਸਲੇ !
ਪਰ ਸਰਕਾਰ-ਸਵਾਰੇ ਸਹਿਜਧਾਰੀ ਤੇ ਭਈਆ ਵੋਟਰ
ਪਹਿਲੀ ਵਾਰੀ ਗੱਜ-ਵੱਜ ਕੇ ਭੁਗਤੇ ਹਨ।
ਉਨ੍ਹਾਂ ਪੰਥਕ-ਨੇਤਾਵਾਂ ਤੋਂ ਨਸ਼ਾ ਵੀ ਲੇੜ੍ਹ ਕੇ ਪੀਤਾ ਹੈ
ਆਪਣੀ ਇੱਕ ਇੱਕ ਵੋਟ ਵੀ ਪੰਥ ਦੇ ਉਲਟ ਪਾਈ ਹੈ
ਤੇ ਮਗਰੋਂ ਅੰਦਰਖ਼ਾਤੇ ਟਿੱਚਰਾਂ ਵੀ ਇਨ੍ਹਾਂ ਨੂੰ ਦਿਲ ਖੋਲ੍ਹ ਕੇ ਕੀਤੀਆਂ ਹਨ !

ਹੋਰ ਪਿਤਾ ਜੀ ! ਵੱਡੇ ਵਾਗਲ਼ੇ ਵਾਲਾ ਅਕਾਲੀ ਦਲ
ਤਾਂ ਅਸੀਂ ਪਿਛਲੇ ਸਾਲ ਭਾਜਪਾ ਕੋਲ਼ ਗਹਿਣੇ ਪਾ ਦਿੱਤਾ ਸੀ !
ਤੇ ਨਵਾਂ ਐਤਕੀਂ ਬਸਪਾ ਵਾਲਿਆਂ ਨੂੰ ਸੰਭਾਲ ਦਿੱਤਾ ਹੈ !
ਅੰਦਰਲੇ ਦਾ ਹੁਣ ਹਰਕਿਸ਼ਨੇ ਕੇ ਸੌਦਾ ਕਰਨ ਨੂੰ ਫਿਰਦੇ ਹਨ।
ਜੇ ਇਹ ਗੱਲ ਵੀ ਸਿਰੇ ਚੜ੍ਹ ਗਈ
ਤਾਂ ਸਿਰ ਢੱਕਣ ਲਈ ਪਤਾ ਨਹੀਂ ਦਿੱਲੀ ਦੇ ਸਿੱਖ ਰਿਫ਼ੀਊਜ਼ੀਆਂ ਵਾਂਗ
ਸਾਨੂੰ ਕਿਹੜੇ ਕਿਹੜੇ ਪਾਪੜ ਵੇਲਣੇ ਪੈਣ !
ਬਾਈ ਮਾਨ ਦੀ ਹਾਲਤ ਹੁਣ ਬਹੁਤ ਚੰਗੀ ਨਹੀਂ
ਕਦੇ, ਕਦੇ ਮਨ ਡਰਦਾ ਹੈ
ਕਿ ਕਿਤੇ 'ਮਰਦੀ ਨੇ ਅੱਕ ਚੱਬਿਆ' ਵਾਲੀ ਗੱਲ ਨਾ ਹੋ ਜਾਵੇ !

ਪਿਤਾ ਜੀਓ ! ਪਿੱਛੇ ਜਿਹੇ
ਵਡਾਲਾ ਸਿਹੁੰ ਬਾਦਲ ਸਿਹੁੰ ਨਾਲ ਵਿਟਰ ਗਿਆ ਸੀ
ਪਰ ਫ਼ਿਕਰ ਵਾਲੀ ਕੋਈ ਗੱਲ ਨਹੀਂ-ਤੁਸੀਂ ਜਾਣੀ-ਜਾਣ ਹੋ !
ਸਿਆਸਤ ਵਿੱਚ ਗੁੱਸੇ-ਗਿਲੇ ਤਾਂ ਅਕਸਰ ਹੁੰਦੇ ਹੀ ਹਨ
ਵਡਾਲ਼ਾ ਸਿਹੁੰ ਹੰਢਿਆ ਹੋਇਆ ਸਿਆਸਤਦਾਨ ਹੈ
ਉਸਦੇ ਬਿਆਨ ਸ਼ੁਨੀਲ ਦੀ ਜੁੱਤੀ ਵਾਂਗ ਨਰਮ ਹੁੰਦੇ ਹਨ
ਜੇ ਬਾਦਲ ਨੂੰ ਲੋੜ ਹੋਈ ਤਾਂ
ਕਦੇ ਵੀ ਕੁਝ ਲੈ ਦੇ ਕੇ 'ਸਭ ਅੱਛਾ' ਹੋ ਸਕਦਾ ਹੈ
ਇਹ ਸਿਧਾਂਤਾਂ-ਸਿਧੂੰਤਾਂ ਦੇ ਮੁੱਦੇ-ਮਸਲਿਆਂ ਦੀਆਂ ਗੱਲਾਂ ਤਾਂ
ਮਹਿਜ਼ ਲੋਕਾਂ ਦੇ ਮੂੰਹ ਬੰਦ ਕਰਨ ਲਈ ਹੀ ਹੁੰਦੀਆਂ ਹਨ !

ਹੋਰ ਸ਼੍ਰੋਮਣੀ ਕਮੇਟੀ ਦੀ ਖੱਟੀ ਨਾਲ
ਖਰਚ-ਪੱਠਾ ਸੋਹਣਾ ਤੁਰਿਆ ਜਾਂਦਾ ਹੈ !
ਸੁਰਤੀ ਨੂੰ ਐਤਕੀਂ ਔਖੇ-ਸੌਖੇ
ਟਿਕਟ ਦਾ ਪ੍ਰਬੰਧ ਕਰਕੇ ਦੇਸ਼ ਭੇਜਿਆ ਸੀ
ਦੱਸਦੀ ਸੀ—
ਤਾਇਆ ਪੰਥਾ ਸਿਹੁੰ ਖੇਸ ਦੀ ਬੁੱਕਲ ਮਾਰੀ
ਪਿੰਡ ਧਰਮਸ਼ਾਲਾ ਦੀਆਂ ਪੌੜੀਆਂ 'ਤੇ ਜੀ-ਭਿਆਣਾ ਜਿਹਾ ਬੈਠਾ ਸੀ
ਮੇਰਾ ਸਿਰ ਪਲੋਸ ਕੇ ਹਾਲ-ਚਾਲ ਪੁੱਛਣ ਉਪਰੰਤ ਫੁੱਟ ਪਿਆ !



ਕਹਿੰਦਾ-ਗੁਰੂ ਕੇ ਖੂਹ ਤੇ ਫ਼ਸਲ-ਵਾੜੀਂ ਚੰਗੀ ਨਹੀਂ
ਮੁੰਡੇ ਕਹੇ ਨਹੀਂ ਲੱਗਦੇ
ਇੱਕ ਤਾਂ ਬਾਹਰ ਚਲਾ ਗਿਆ ਸੀ
ਤੇ ਦੂਜਾ ਕਹਿਣੇ ਵਿੱਚ ਨਹੀਂ ਰਿਹਾ !
ਰੋਣੇ ਰੋਂਦਾ ਸੀ ਕਿ ਅੱਜ ਕੱਲ੍ਹ ਇਸ ਖੇਤੀ 'ਚ
ਕਵੀਸ਼ਰਾਂ ਦੀ ਕਾਹੀ ਉੱਗੀ ਜਾਂਦੀ ਐ !
ਚਿਮਟੇਦਾਰ ਸਾਧਾਂ ਦੀ ਇੱਟਸਿੱਟ ਚੜ੍ਹੀ ਤੁਰੀ ਆਉਂਦੀ ਐ !
ਟੌਹੜ-ਭੱਖੜਾ ਦਿਨੋਂ ਦਿਨ ਉੱਸਰੀ-ਨਿੱਸਰੀ ਜਾਂਦੈ !!!
ਕਿਸੇ ਨੂੰ ਗੋਡੀ ਖਾਦ ਪਾਣੀ ਦੀ ਪ੍ਰਵਾਹ ਨਹੀਂ
ਇਸ ਖੇਤੀ ਦਾ ਬਣੂੰਗਾ ਕੀ?

ਦੱਸਦਾ ਸੀ ਕਿ ਆਪਣੇ ਮੁੰਡੇ ਦੇ ਪੁਲਸ ਮੁਕਾਬਲੇ ਵਿੱਚ ਮਾਰੇ ਜਾਣ
ਤੇ ਠਾਣੇਦਾਰ ਨੂੰ ਅਵਾ-ਤਵਾ ਬੋਲਣ ਮਗਰੋਂ
ਸਰਦਾਰੇ ਉੱਚੀ-ਮੁੱਛ ਵਾਲੇ ਨੂੰ ਠਾਣੇ ਲੈ ਗਏ ਸਨ
ਤੇ ਪੁਲਸ ਦੀ ਕੁੱਟ ਨਾਲ
ਉਸ ਦੀਆਂ ਪੱਸਲੀਆਂ ਵਿੱਚ ਰਾਧ-ਰੁਧ ਜੀਹ ਪੈ ਗਈ ਸੀ
ਪਰ ਹੁਣ ਕਾਇਮ ਹੈ ਤੇ ਤੁਰਿਆ ਫਿਰਦਾ ਹੈ
ਤੇ ਕਿਸੇ ਦਿਨ ਸਿੱਖਾਂ ਦਾ ਰਾਜ ਹੋਣ ਦੀ ਗੱਲ
ਅਜੇ ਵੀ ਜਥ੍ਹੇ ਨਾਲ ਕਰਦਾ ਹੈ।

ਕਹਿੰਦਾ ਸੀ—
ਸਿੱਧੀ ਪੱਗ ਵਾਲਿਆਂ ਦਾ ਵੱਡਾ ਮੁੰਡਾ ਤਾਂ
ਅੰਬਰਸਰ ਘੇਰੇ 'ਚ ਸ਼ਹੀਦ ਹੋ ਗਿਆ ਸੀ
ਤੇ ਛੋਟਾ ਜਿਹੜਾ ਗੁਰਦੁਆਰੇ ਸੇਵਾ ਕਰਦਾ ਸੀ
ਉਸ ਨੂੰ ਵੀ ਪੁਲਸ ਚੁੱਕ ਕੇ ਲੈ ਗਈ ਸੀ
ਤੇ ਹੁਣ ਤੱਕ ਉਸ ਦੀ ਉੱਘ-ਸੁੱਘ ਨਹੀਂ ਨਿਕਲੀ
ਨਰਾਇਣ ਸਿਹੁੰ ਆਪ ਜਿਹੜਾ ਭਾਣਾ ਮੰਨਣ ਵਾਲਾ ਬੰਦਾ ਸੀ
ਸਾਂਝੇ ਦਲਾਨ 'ਚ ਸਣ ਕੱਢਦਾ ਹੀ ਪੂਰਾ ਹੋ ਗਿਆ ਸੀ
ਮਗਰੋਂ ਉਹਨਾਂ ਦਾ ਥਾਂ ਤਾਂ ਅੰਮਾਂ ਹਰਕੁਰ ਦੇ ਗੁਜ਼ਰਨ ਮਗਰੋਂ
ਚੀਨਣ ਦੇ ਮੁੰਡਿਆਂ ਨੇ ਲਿਖਵਾ ਲਿਆ ਸੀ
ਉਹਨਾਂ ਦੇ ਦੋਵੇਂ ਬਲਦ ਰੌਲ਼ੇ-ਗੌਲ਼ੇ 'ਚ ਚੋਰੀ ਹੋ ਗਏ ਸਨ

ਤੇ ਭਾਬੀ ਤੇਜੋ ਦੇ ਗੁਜ਼ਰਨ ਮਗਰੋਂ
ਦੋਹਾਂ ਕੁੜੀਆਂ ਨੂੰ ਤਖਾਣਵੱਧ ਵਾਲੇ ਲੈ ਗਏ ਸਨ।
ਜੋ ਹੁਣ ਮਹੀਨੇ-ਵੀਹੀਂ ਦਿਨੀਂ ਜਦੋਂ ਸੂਤ ਲੱਗੇ
ਆਣ ਕੇ ਜਿੰਦਾ ਖੋਲ੍ਹ ਕੇ ਸਮਾਨ ਵੇਖ ਜਾਂਦੇ ਹਨ।
ਤੇ ਪਿਤਾ ਜੀ ! ਹੁਣ ਸਿੱਧੀ ਪੱਗ ਵਾਲਿਆਂ ਦੇ ਤੁਰ ਜਾਣ ਮਗਰੋਂ
ਉਹਨਾਂ ਦੇ ਖੋਲ਼ੇ ਨੂੰ ਲੋਕ 'ਚੁਰਾਸੀ ਵਾਲਿਆਂ ਦਾ ਘਰ' ਕਹਿੰਦੇ ਹਨ !

ਤੇ ਸੁਰੈਣੇ ਖਾੜਕੂ ਦੇ ਸਾਲਾਨਾ ਭੋਗ ਤੇ ਵੀ
ਐਤਕੀਂ ਕਹਿੰਦਾ ਬਸ 'ਘਰ ਦੇ ਘਰ ਦੇ' ਹੀ ਸਨ
ਪ੍ਰੇਮ ਸਿਹੁੰ ਖੰਡ-ਪਾਠੀ ਕਿਆਂ ਬਿਨ੍ਹਾਂ ਪਿੰਡ 'ਚੋਂ ਕੋਈ ਨਹੀਂ ਸੀ ਪਹੁੰਚਿਆ
ਅਖੇ ਨਵੇਂ ਸਰਪੰਚ ਨੇ ਸ਼ਰ੍ਹੇਆਮ ਕਿਹਾ ਸੀ ਕਿ
ਜੀਹਨੇ ਮੇਰੇ ਕੋਲ ਸਿੱਧਾ ਕਿਸੇ ਕੰਮ ਲਈ ਆਉਣਾ ਹੋਵੇ
ਉਹ ਐਹੋ ਜਿਹੇ ਪੁੱਠੇ ਕੰਮਾਂ ਤੋਂ ਪਾਸੇ ਰਹੇ
ਤੇ ਇੰਜ ਲੋਕਾਂ ਨੇ ਸੁਰੈਣ ਦੀ ਲਾਸ਼ ਉੱਤੇ
ਗਰਜ਼ਾਂ ਦੀ ਮਿੱਟੀ ਪਾ ਕੇ ਸੱਚ ਨੂੰ ਧ੍ਰੋਹ ਨਾਲ ਢੱਕ ਦਿੱਤਾ ਸੀ
ਪਿਤਾ ਜੀ ! ਨਿੱਕੇ ਹੁੰਦਿਆਂ ਬੋਲੀ ਸੁਣਦੇ ਸਾਂ—
'ਜੱਗੇ ਜੱਟ ਦੇ ਕਬੂਤਰ ਚੀਨੇ ਨਦੀਓਂ ਪਾਰ ਚੁਗਦੇ'
ਤੇ ਬਦਲੇ ਹਾਲਾਤ 'ਚ
ਅੱਜ ਚਿਰਾਂ ਦੇ ਘਰਾਂ ਤੋਂ ਵਿਛੜੇ
ਤੁਸਾਂ ਦੇ ਚੀਨੇ ਪੁੱਤਰ ਵਾਹਗਿਓਂ ਪਾਰ ਚੋਗਾ ਚੁੱਗ ਰਹੇ ਹਨ !

ਹੋਰ ਸੱਚੇ ਪਾਤਸ਼ਾਹ !
ਅਸੀਂ ਵਿਸ਼ੇਸ਼ਕਰ ਵਿਦੇਸ਼ੀ ਸਿੱਖ
ਢੀਠਤਾਈ 'ਚ ਐਨ੍ਹ ਮਾਲੋ-ਮਾਲ ਹਾਂ
ਬਿਸ਼ਰਮੀ ਤੇ ਚੁਸਤੀ ਦੀ ਵੀ ਸਾਨੂੰ ਕੋਈ ਕਮੀ ਨਹੀਂ ਹੈ ਜੀ।
ਕੀ ਹੋਇਆ ? ਸੰਘਰਸ਼ ਦਾ ਕੰਮ ਕੁਝ ਮੱਠਾ ਪੈ ਗਿਆ ਹੈ।
ਪਰ ਅਸੀਂ ਹੁਣ ਚਿੱਤ ਲਾਉਣ ਲਈ ਸ਼ਹੀਦਾਂ ਦੇ ਨਾਂ ਉੱਤੇ
ਕਦੇ ਕਦੇ ਕੌਡੀ-ਕੂਡੀ ਕਰਵਾ ਲੈਂਦੇ ਹਾਂ।
ਇਸ ਤਰ੍ਹਾਂ ਸੰਗਤਾਂ ਦਾ ਰੁਖ ਮੋੜਨ ਤੇ
ਸਰਕਾਰ ਦੀ ਖੁਸ਼ੀ ਵੀ ਹਾਸਲ ਹੋ ਜਾਂਦੀ ਹੈ
ਵੀਜ਼ੇ ਆਦਿ ਵਿੱਚ ਵੀ ਕੋਈ ਦਿੱਕਤ ਨਹੀਂ ਆਉਂਦੀ
ਤੇ ਜਦੋਂ ਜੀਅ ਕਰੇ ਦੇਸ਼ ਵੀ ਜਾ ਆਉਂਦੇ ਹਾਂ।



ਸੰਘਰਸ਼ ਦੇ ਇਸ ਲੰਬੇ ਸਮੇਂ ਦੌਰਾਨ ਅਸੀਂ
ਵੈਨਕੂਵਰ ਦੇ ਚੌਬੁਤਰੀ-ਪੱਗੇ ਚੌਧਰੀ ਵਰਗੇ
ਕਿੰਨੇ ਹੀ ਮਹੰਤ-ਨੁਮਾ ਆਪ-ਹੁਦਰੇ ਅਹੁਦੇਦਾਰ ਟਰੇਂਡ ਕੀਤੇ ਹਨ
ਜੋ ਲੀਡਰੀ ਲਈ ਕੋਈ ਵੀ ਰਾਸ-ਲੀਲਾ ਰਚਾ ਸਕਦੇ ਹਨ।
ਉਹਨਾਂ ਦੀ ਤਾਂ ਬਸ ਬਾਰ ਬਾਰ ਮੂਰਤ ਆਉਣੀ ਚਾਹੀਦੀ ਹੈ
ਇਸ ਲਈ ਉਹ ਕਿਸੇ ਅਖ਼ਬਾਰ ਦੇ ਵੀ ਪੈਰੀਂ ਹੱਥ ਲਾ ਸਕਦੇ ਹਨ !

ਹੋਰ ਬਾਪੂ ਜੀਓ ! ਮੈਨੂੰ ਲਿਖਦਿਆਂ ਖਿਮਾਂ ਕਰਨਾ !
ਕਿ ਸਾਡੀਆਂ ਅਖ਼ਬਾਰਾਂ ਵੀ ਤਾਂ ਅੱਜ ਕੱਲ੍ਹ
ਸੋਨਾਗਾਚੀ ਤੇ ਪਿਕਾਡਿਲੀ ਦੀਆਂ ਕੰਜਰੀਆਂ ਹੀ ਬਣ
ਤੇ ਸਾਡੇ ਟੀ. ਵੀ. ਤੇ ਰੇਡੀਓ-ਪ੍ਰੋਗਰਾਮ
ਸਾਡੀਆਂ ਸੰਸਥਾਵਾਂ ਦੇ ਪ੍ਰਧਾਨਾਂ ਦੀਆਂ ਵਹੁਟੀਆਂ !
ਜੋ ਸਦਾ ਇਹਨਾਂ ਆਪਣੇ ਮਾਲਕਾਂ ਦੇ ਕਹੇ ਲੱਗਦੀਆਂ ਹਨ।
ਤੇ ਸੱਚ ਕਹਿਣ ਤੋਂ ਸੱਚੇ ਪਾਤਸ਼ਾਹ ! ਸੱਚੀ ਇਹ
ਨਵੀਂਆਂ ਆਈਆਂ ਭਰਜਾਈਆਂ ਵਾਂਗ ਸੰਗਦੀਆਂ ਹਨ।

ਤੇ ਨਾਲੇ ਅਸੀਂ ਸਿੱਖ ਅੱਜ ਕੱਲ੍ਹ ਏਥੇ
ਕਿਸੇ ਕੜੀ-ਕੁਰਬਾਨੀ ਵਾਲੇ ਕਿਸੇ ਮੜੇ-ਮਾਨ ਦੇ
ਜੇਲ੍ਹ ਵਿੱਚ ਕੱਟੇ ਕਿੰਨੇ ਵੀ ਸਾਲਾਂ ਦਾ ਧੇਲਾ ਮੁੱਲ ਨਹੀਂ ਪਾਉਂਦੇ
ਅਤੇ ਗੱਲੀਂ-ਬਾਤੀਂ ਕਰ ਜਾਣ ਵਾਲੇ ਕਿਸੇ 'ਮਰ ਜਾਣੇ ਮਾਨ ਦੇ'
ਕੁਝ ਮਿੰਟਾਂ ਲਈ ਉਸ ਦੀ ਤਲੀ ਤੇ ਲੱਖਾਂ ਵੀ ਧਰ ਸਕਦੇ ਹਾਂ
ਪਰ ਅਸੀਂ ਮਾਨ ਦੀ ਕਦਰ ਕਰਨਾ ਕਿਵੇਂ ਵੀ ਨਹੀਂ ਭੁੱਲਦੇ
ਤਦੇ ਹੀ ਤਾਂ 'ਮਾਨ ਹੀ ਮਾਨ' ਸ਼ੋਅ ਕਿਧਰੇ ਵੀ ਹੋਵੇ,
ਅਸੀਂ ਅਗਾਊਂ ਹਾਊਸ-ਫੁੱਲ ਵੀ ਕਰ ਸਕਦੇ ਹਾਂ !

ਹੋਰ ਪਿਤਾ ਜੀਓ !
ਪੰਥ ਦੀ ਵਿਥਿਆ ਅੱਜ ਕੱਲ੍ਹ ਇੱਕ ਅਨਟੋਲਡ-ਸਟੋਰੀ ਵਰਗੀ ਹੈ
ਜੁ ਲਫ਼ਜ਼ਾਂ ਦੀ ਪਕੜ 'ਚ ਨਹੀਂ ਆ ਸਕਦੀ
ਆ ਵੀ ਸਕਦੀ ਹੈ ਪਰ ਪੜ੍ਹੀ ਨਹੀਂ ਜਾ ਸਕਦੀ
ਲੁਕ ਛਿਪ ਕੇ ਪੜ੍ਹੀ ਵੀ ਜਾ ਸਕਦੀ ਹੈ
ਪਰ ਆਹਮੋ-ਸਾਹਮਣੇ ਬੈਠ ਕੇ ਤਾਂ ਕਿਸੇ ਸੂਰਤ ਵੀ ਸੁਣੀ ਨਹੀਂ ਜਾ ਸਕਦੀ

ਸੱਚੇ ਪਾਤਸ਼ਾਹ !
ਅਸਲ 'ਚ ਅਸੀਂ ਸਿੱਖ ਅੱਜ ਕੱਲ੍ਹ
ਸੁਆਰਥ ਦੀ ਇੱਕ ਅਜੀਬੋ-ਗਰੀਬ ਅਵਸਥਾ 'ਚੋਂ ਦੀ ਵਿਚਰ ਰਹੇ ਹਾਂ
ਅਸੀਂ ਆਪ ਜੀ ਦੇ ਤੀਸਰੇ ਜਾਮੇ ਵਿੱਚ ਕਹੇ
'ਲਿਵ ਛੁੜਕੀ ਲਗੀ ਤ੍ਰਿਸ਼ਨਾ' ਦੇ ਦੌਰ 'ਚੋਂ ਗੁਜ਼ਰ ਰਹੇ ਹਾਂ
ਅਸੀਂ ਤੇਰੇ ਸਿਰਜੇ ਸ਼ੇਰਾਂ ਦੀ ਉਹ ਕੰਮ-ਕੱਢੂ ਔਲਾਦ ਜਿਹੇ ਬਣ ਗਏ ਹਾਂ
ਜੋ ਦੋ ਲੱਖ ਮਰਨ ਉਪਰੰਤ ਵੀ
ਅੱਜ ਭੇਡਾਂ ਬਣ ਕੇ ਚਾਰ ਦਗ਼ੇਬਾਜ਼ ਆਜੜੀਆਂ
ਦੀ ਅਰਦਲ 'ਚ ਸਿਰ ਸੁੱਟ ਕੇ ਤੁਰ ਰਹੇ ਹਾਂ।

ਹੋਰ ਪਿਆਰੇ ਪਿਤਾ ਜੀਓ !
ਕੁਰਬਾਨੀ ਦੀ ਕਪਾਹ ਐਤਕੀਂ ਚੰਗੀ ਹੋ ਗਈ ਸੀ
ਪਰ ਭਾਅ ਚੰਗਾ ਨਹੀਂ ਲੱਗਾ !
ਅੰਦਰਲਾ ਤੇ ਬਾਹਰਲਾ ਦੋਵੇਂ ਘਰ ਅਸੀਂ
ਪਿੱਛੇ ਜਿਹੇ ਦੀਵਾਰ ਲਏ ਸਨ।
ਬਾਕੀ, ਜਥੇਬੰਦੀਆਂ 'ਚ ਸਾਰੇ ਰਾਜ਼ੀ ਖੁਸ਼ੀ ਹੈ।
ਬਸ ਇੱਕ ਦੌਂਹ ਗੁਰਦੁਆਰਿਆਂ ਵਿੱਚ ਕਿਰਪਾਨਾਂ ਚੱਲੀਆਂ ਹਨ
ਪੰਜ-ਸੱਤ ਸਿੰਘਾਂ ਦੇ ਰਗੜਾਂ-ਰੁਗੜਾਂ ਜਿਹੀਆਂ ਲੱਗੀਆਂ ਹਨ
ਤਿੰਨ-ਚਾਰ ਕਮੇਟੀਆਂ ਦੀ ਅਖ਼ਬਾਰਾਂ ਵਿੱਚ ਪਿੱਛੇ ਜਿਹੇ
ਤੂੰ-ਤੂੰ ਤੋਏ-ਤੋਏ ਜਿਹੀ ਹੋਈ ਸੀ
ਰਾਗਮਾਲ਼ਾ ਦਾ ਮਸਲਾ ਉਧੇੜਨ ਦੀ ਅਜੇ ਵਿਹਲ ਨਹੀਂ ਲੱਗੀ
ਸਮਾਂ ਮਿਲਦੇ ਹੀ ਮਰਿਆਦਾ ਦੀ ਗੱਲ ਫੇਰ ਤੋਰਾਂਗੇ—
ਹੋ ਸਕਿਆ ਤਾਂ ਕੋਈ ਹੋਰ ਸਿੰਗੜੀ ਵੀ ਛੇੜਾਂਗੇ ! ਫ਼ਿਕਰ ਨਹੀਂ ਕਰਨਾ ਜੀ।

ਹਾਂ ਸੱਚ ! ਪਿਤਾ ਜੀ ਪਿਛਲੇ ਇੱਕ ਖ਼ਤ ਉੱਤੇ
ਮੈਂ ਗ਼ਲਤੀ ਨਾਲ ਆਪ ਜੀ ਨੂੰ ਲਿਖ ਬੈਠਾ ਸਾਂ
ਪਰ ਤੁਸੀਂ ਅਜੇ ਇੱਥੇ ਸੰਤ ਜਰਨੈਲ ਸਿੰਘ ਜਿਹੇ ਕਿਸੇ ਯੋਧੇ ਨੂੰ
ਨਾ ਹੀ ਭੇਜਣਾ ਜੀ।
ਕਿਉਂਕਿ ਇੱਥੇ ਅਜੇ ਹਾਲਾਤ ਠੀਕ ਨਹੀਂ ਹਨ
ਅਜੇ ਇੱਥੇ ਸਿਰਫ਼ 'ਬੱਚੇ ਪਾਲਣ' ਦਾ ਹੀ ਮੌਸਮ ਹੈ ਜੀ !!
ਭੁੱਲ-ਚੁੱਕ ਲਈ ਖਿਮਾਂ ਮੰਗਦਾ ਹੋਇਆ,

ਆਪ ਜੀ ਦਾ (ਕ) ਪੁੱਤਰ





## ਤੋਰੀ ਫੁਲਕਾ !

ਮੈਂ ਇੱਕ ਨੀਮ-ਲੀਡਰ ਜਿਹਾ ਆਦਮੀ ਹਾਂ
ਤੇ ਮੈਨੂੰ ਤੋਰੀ-ਫੁਲਕਾ ਚਲਾਉਣ ਦੀ ਆਦਤ ਹੈ !
ਆਦਤ ਤਾਂ ਹਰ ਬੰਦੇ ਨੂੰ
ਕੋਈ ਨਾ ਕੋਈ ਹੁੰਦੀ ਹੈ
ਪਰ ਮੈਨੂੰ ਆਪਣਾ
ਤੋਰੀ-ਫੁਲਕਾ ਚਲਾਉਣ ਦੀ ਆਦਤ ਹੈ !
ਆਦਤ ਹੀ ਨਹੀਂ ਸਮਝੋ ਬਹਿਬਤ ਹੈ !
ਤੇ ਮੇਰੀ ਇਹ ਬਹਿਬਤ ਹੀ ਮੇਰੇ ਖ਼ਾਨਦਾਨ ਲਈ
ਰਹਿਮਤ ਹੋ ਨਿੱਬੜੀ ਹੈ !!!

ਬਚਪਨ 'ਚ ਸਕੂਲ ਪੜ੍ਹਨ ਬੈਠਿਆ
ਬੁੱਧੀ ਤੇ ਬਾਪੂ ਦੀ ਜੇਬ ਨੇ ਸਾਥ ਦਿੱਤਾ
ਮੈਂ ਸਕੂਲ ਨੂੰ ਸਾਸਰੀ 'ਕਾਲ ਕਹਿ ਦਿੱਤੀ
ਉਸ ਰਾਹ ਜਾਣਾ ਹੀ ਛੱਡ ਦਿੱਤਾ !
ਫਿਰ ਵਾਹੀ ਕੀਤੀ, ਜ਼ਮੀਨ ਘੱਟ ਸੀ
ਖਾਦ-ਪਾਣੀ ਮਹਿੰਗੇ ਸੀ, ਪੂਰਾ ਨਈਂ ਸੀ ਫਟਦਾ
ਬਲ਼ਦ ਵੇਚ ਦਿੱਤੇ, ਵਾਹੀ ਵੀ ਛੱਡ ਦਿੱਤੀ।

ਫਿਰ ਬਾਹਰ ਨਿਕਲਣ ਲਈ,
ਪਾਸਪੋਰਟ ਬਣਾ ਲਿਆ
ਬਾਪੂ ਸਿਆਣਾ ਸੀ
ਇਸੇ ਵਲੇਵੇਂ 'ਚ ਵਕਤ ਵਿਚਾਰ ਵਿਉਂਤ ਬਣਾ
ਉਸਨੇ ਸਰਦੇ-ਪੁੱਜਦੇ ਥਾਂ ਪਰੁੰਨ ਦਿੱਤਾ
ਫੇਰ ਅਜੰਟ ਕੋਈ ਬਾਂਹ ਨਾ ਫੜਾਵੇ
ਪੈਸੇ-ਟਕੇ ਦੀ ਵੀ ਤੰਗੀ-ਤੁਰਸ਼ੀ ਸੀ
ਖਰਚੇ ਦਾ ਸਰਿਆ ਨਾ ਕਰੇ

ਬਾਪੂ ਵੱਢੂ-ਖਾਊਂ ਕਰਿਆ ਕਰੇ।

ਨਰੈਣਾ ਕਮਿੱਸ਼ਰ ਨਿੱਕੇ ਹੁੰਦਿਆਂ ਦਾ ਆੜੀ ਸੀ
ਸਕੀਮ ਸੁੱਝੀ—ਵਈ ਕਮਿੱਸ਼ਰੀ ਨਾ ਸਿੱਖ ਲਈਏ !
ਰਾਤ ਨੂੰ ਉਹਦੀ ਬੈਠਕ 'ਚ ਚਲੇ ਜਾਣਾ
ਇੱਕ ਦੋ ਛੰਦ ਸਿੱਖੇ
ਤਖਤੂਪੁਰੇ ਵਿਸਾਖੀ ਤੇ ਉਹਨੇ ਦੋ ਛੰਦ ਨਾਲ ਪੜ੍ਹਾਏ
ਗਲਾ ਸੁੱਖ ਨਾਲ ਚੰਗਾ ਸੀ
ਲੱਤਾਂ ਤਾਂ ਕੰਬਣ
ਪਰ ਰੁੜ੍ਹ-ਖੁੜ੍ਹ ਕੇ ਸਿਰੇ ਲੱਗ ਗਏ
ਮਗਰੋਂ ਰੁਪੱਈਏ ਜਦੋਂ ਵੀਹ ਬਣੇ
ਦਿਲ ਵੱਧ ਗਿਆ—ਰਾਹ ਮਿਲ ਗਿਆ।
ਫੇਰ ਕਈ ਥਾਈਂ ਗਏ—ਸਮਝੋ ਕੰਮ ਤੁਰ ਪਿਆ !
ਫੇਰ ਕਮਿੱਸ਼ਰਾਂ ਦਾ ਮੰਦਾ ਪੈ ਗਿਆ
ਨਰੈਣੇ ਨੇ ਢਾਡੀ ਜੱਥਾ ਬਣਾਇਆ
ਤਾਂ ਦਸਾਂ ਕੁ ਦਿਨਾਂ 'ਚ ਢੱਡ ਤੇ ਹੱਥ ਸਿੱਧੇ ਕਰ ਲਏ
ਚਿਹਰਾ-ਮੁਹਰਾ
ਸੱਚੇ ਪਾਤਸ਼ਾਹ ਨੇ ਸੋਹਣਾ ਬਖਸ਼ਿਆ ਸੀ
ਲੀੜੇ-ਲੱਤੇ ਦਾ ਵੀ ਪਹਿਲਾਂ ਤੋਂ ਸ਼ੌਂਕ ਸੀ
ਕਿੱਲੇ ਤੇ ਖੜ੍ਹੇ ਤਾਂ ਵੀਹਾਂ ਦੇ ਸਾਂ
ਸਟੇਜ ਤੇ ਖੜ੍ਹੇ ਸਜੀਦਾ ਸੀ
ਵੱਡੇ ਵੱਡੇ ਦੁਆਨਾਂ ਦੇ ਸੱਦੇ ਆਉਣ ਲੱਗ ਪਏ
ਆਲਮਗੀਰ.........ਮਾਛੀਵਾੜੇ
ਹੋਰ ਤਾਂ ਹੋਰ ਮੰਜੀ ਸਾਹਿਬ ਵੀ
ਪੰਜ ਚਾਰ ਪ੍ਰੋਗਰਾਮ ਕਰ ਆਏ।
ਬਿਧਾ ਤਾਂ ਗੁਰੂ ਆਪ ਬਣਾਉਂਦੈ
ਮੰਜੀ ਸਾਹਿਬ ਬਾਹਰੋਂ ਆਏ ਇੱਕ ਭਾਈ ਸਾਹਿਬ
ਪ੍ਰੋਗਰਾਮ ਤੋਂ ਨਿਹਾਲ ਹੋ ਕੇ
ਆਪਣਾ ਕਾਟ ਫੜਾ ਗਏ
ਵਈ ਐਤਕੀਂ ਗੁਰਪੁਰਬ ਤੇ
ਟਰਾਂਟੋ ਸੱਦਾਂਗੇ—ਜ਼ਰੂਰ ਆਇਓ



ਵੇਖ ਲੌ ਮਹੀਨਾ ਨੀਂ ਸੀ ਹੋਇਆ ਕਾਗਜ਼-ਪੱਤਰ ਆ ਗਏ
ਟਰਾਂਟੋ ਪਹੁੰਚ ਗਏ
ਪੰਜ ਛੇ ਦੁਆਨ ਲਾਏ ਹੋਣਗੇ
ਵੈਨਕੂਵਰੋਂ ਸੱਦਾ ਆ ਗਿਆ
ਦੂਜੇ ਹਫ਼ਤੇ ਸਰ੍ਹੀ ਵਾਲਿਆਂ ਨੇ ਸੱਦ ਲਿਆ
ਮਾਇਆ ਸੋਹਣੀ ਬਨਿਆ ਕਰੇ
ਖਾਣ-ਪੀਣ ਨੂੰ ਵੀ ਲੇੜ੍ਹ ਕੇ ਮਿਲਿਆ ਕਰੇ
ਪਰ ਜੁਆਕ ਪਿੱਛੇ ਹੋਣ ਕਰ ਕੇ
ਚਿੱਤ ਜਿਹਾ ਨਾ ਲੱਗਿਆ ਕਰੇ
ਫੇਰ ਰਹਿਣ ਦਾ ਬੰਨ੍ਹ-ਸੁਬ੍ਹ ਵੀ ਬਣਨ ਲੱਗਾ।
ਬਿਧਾ ਤਾਂ ਗੁਰੂ ਈ ਬਣਾਉਂਦੈ
ਅੱਜ ਹੋਰ ਕੱਲ੍ਹ ਹੋਰ, ਜੁਗਾੜ ਫਿੱਟ ਹੋ ਗਿਆ
ਆਪਾਂ ਸਮਝੋ ਗੁੱਡੇ ਵਾਂਗ, ਇੱਥੇ ਈ ਟਿਕ ਗਏ !
ਕੱਚੇ ਹੁੰਦਿਆਂ ਤਾਂ ਕਈ ਪਾਪੜ ਵੇਲੇ
ਪੱਕੇ ਹੁੰਦਿਆਂ ਵੀ
ਇੱਕ ਭਾਈਬੰਦ ਨੇ ਫਾਲ਼-ਪੱਚਰ ਲਾਈ
ਆਰਾ ਮਿੱਲ 'ਚ ਨੌਕਰੀ ਮਿਲ ਗਈ
ਓਥੇ ਛੀ ਕੁ ਸਾਲ ਕੰਮ ਕੀਤਾ
ਏਨੇ ਸੰਨ 'ਚ ਨਿਆਣੇ ਵੀ ਦੇਸੋਂ ਆ ਗਏ।
ਗੁਰੂ-ਘਰ ਤਾਂ ਐਤਵਾਰ ਨੂੰ ਜਾਈਦਾ ਈ ਸੀ
ਕੋਈ ਛੰਦ-ਛੂੰਦ ਜਾਂ ਕਵਿਤਾ-ਕੁਵਿਤਾ ਵੀ ਪੜ੍ਹ ਦੇਣੀ
ਇਹਦੇ ਨਾਲ ਸਮਝੋ ਸੰਗਤਾਂ 'ਚ
ਚੰਗਾ ਪ੍ਰੇਮ-ਪਿਆਰ ਬਣ ਗਿਆ !
ਆਥਣ-ਸਵੇਰ ਕਮੂਨਟੀ ਸੈਂਟਰ ਵੀ ਚਲੇ ਜਾਣਾ
ਬਜ਼ੁਰਗ ਵੀ ਸਮਝੋ ਚੰਗਾ ਤਿਹੁ ਕਰਨ ਲੱਗ ਪਏ।
ਗਰਾਂਈਂ ਗੱਜਣ ਸੂੰਹ ਨੇ ਇੱਕ ਦਿਨ ਕਿਹਾ—
ਹੁਣ ਬੋਟਾਂ ਪੈਣੀਆਂ
ਤੂੰ ਗੁਰਦੁਆਰੇ ਦੇ ਲੱਕਸ਼ਣ 'ਚ ਖੜ੍ਹਾ ਹੋ
ਤੇਰੇ ਅਰਗੇ ਬੰਦਿਆਂ ਦੀ ਤਾਂ ਏਥੇ ਲੋੜ ਐ
ਗੱਲ ਮੇਰੇ ਮਨ ਨੂੰ ਲੱਗ ਗੀ।
ਆਪਾਂ ਕਾਗਤ ਨਿੱਕੇ ਮੁੰਡੇ ਤੋਂ ਭਰਵਾ ਕੇ

’ਗਾਹਾਂ ਦਾਖਲ ਕਰ ਤੇ।
ਫੇਰ ਵੇਖ ਲੌ ਜੀਹਦੇ ਮੱਥੇ ਕਦੇ ਨਹੀਂ ਸੀ ਲੱਗੇ
ਉਹਦੇ ਵੀ ਗਏ, ਸੁੱਖ-ਸਬੀਲੀ ਪੁੱਛੀ।
ਘਰ ਵਾਲੀ ਨੂੰ ਵੀ ਕਿਹਾ—
ਵਈ ਤੇਰੇ ਨਾਲ ਕੋਈ ਬੋਲਦੀ ਐ...ਨਹੀਂ ਬੋਲਦੀ
ਜਾਂ ਕਿਸੇ ਦਾ ਮੂੰਹ ਵਿੰਗਾ ਐ
ਤੂੰ ਸਾਰੀਆਂ ਕੋਲ ਜਾਣੈਂ।
ਮੁੰਡਿਆਂ ਨੂੰ ਵੀ ਸਮਝਾਇਆ—
ਵਈ ਮੂਰਖੋ ! ਸਾਰੀਆਂ ਬਦਮਾਸ਼ੀਆਂ ਕਰ ਲੀਆਂ
ਕੱਖ ਨੀਂ ਬਣਿਆ।
ਹੁਣ ਮੌਕਾ ਐ—ਜੇ ਸਾਂਭ ਲੌ
ਡੁੱਲ੍ਹਿਆਂ ਬੇਰਾਂ ਦਾ ਕੁਸ ਨੀਂ ਵਿਗੜਿਆ।
ਪਰ ਵਈ ਅਸ਼ਕੇ ਜਾਈਏ !
ਮੁੰਡਿਆਂ ਨੇ ਸਾਰੇ ਧੋਣ ਧੋ ਤੇ
ਉਹਨਾਂ ਨੇ ਆਪਣੇ ਜੋਟੀਦਾਰਾਂ ਨੂੰ ਜੋੜ ਕੇ
ਖਾਣ-ਪਿਆਣ ਦਾ ਐਸਾ ਪ੍ਰਬੰਧ ਬੰਨ੍ਹਿਆ
ਵਈ ਬੋਟਾਂ ਆਲੇ ਦਿਨ
ਬੋਟਾਂ ਪਈਆਂ ਤਾਂ
’ਕੱਲੀ ’ਕੱਲੀ ਬੋਟ ਧੂਹ ਤੀ।
ਬੋਟਾਂ ਆਪਣੀਆਂ ਸਾਰਿਆਂ ਤੋਂ ਵੱਧ !
ਫੇਰ ਪ੍ਰਧਾਨ ਚੁਣਨ ਲੱਗੇ—ਮੈਨੂੰ ਪੁੱਛਿਆ
ਮੈਂ ਉਤਲੇ ਮਨੋਂ ਦੋ-ਤਿੰਨ ਵੇਰ ਨਾਂਹ-ਨੁੱਕਰ ਕੀਤੀ
ਬੋਟਾਂ ਜੂ ਸਾਰਿਆਂ ਤੋਂ ਵੱਧ ਸੀ।
ਦੋਂਹ-ਤਿਹੁੰ ਨੇ ਹੋਰ ਕਿਹਾ
ਮੈਂ ਘੇਸਲ ਜੀਹ ਮਾਰਲੀ—ਚੁੱਪ ਰਿਹਾ
ਉਹਨਾਂ ਮੈਨੂੰ ਪ੍ਰਧਾਨ ਚੁਣ ਲਿਆ।

ਗੁਰਦੁਆਰੇ ਦਾ ਕੰਮ ਕਿਹੜਾ ਕਦੇ ਕੀਤਾ ਸੀ
ਜਿਵੇਂ ਸਿਆਣੇ ਕਹਿੰਦੇ ਹੁੰਦੇ ਐ
ਜਿਹੜੇ ਕੰਮ ’ਚ ਪੈ ਜਾਈਏ ਆਪੇ ਈ ਆ ਜਾਂਦੈ
ਅੱਜ ਹੋਰ ਕੱਲ੍ਹ ਹੋਰ !



ਸਮਝੋ ਸਾਰਾ ਈ ਕੰਮ ਸਿੱਖਿਆ ਗਿਆ।
ਸੈਕਟਰੀ ਵੀ ਹੁਣ ਆਪਣਾ
ਸਕੀਰੀਦਾਰ ਮੁੰਡਾ ਈ ਬਣਾ ਲਿਆ
ਕਾਗਤ-ਪੱਤਰ ਸਾਰੇ ਘਰੇ ਈ ਲੈ ਆਈਦੇ ਐ।
ਮੁੰਡੇ ਆਪੇ ਹੀ ਸਾਬ੍ਹ-ਕਤਾਬ ਕਰ ਲੈਂਦੇ ਐ।
ਮਾਇਆ ਬਤੈਤ ਚੜ੍ਹਦੀ ਐ
ਇੱਕ ਦੋ ਵੇਰ ਦੂਜਿਆਂ ਨੇ ਰਾਮ-ਰੌਲਾ ਜਿਹਾ ਪਾਇਆ
ਆਪਾਂ ਵੀ ਕਿਹੜਾ ਕੱਚੀਆਂ ਗੋਲੀਆਂ ਖੇਡੇ ਸੀ
ਮੈਂ ਮੁੰਡਿਆਂ ਨੂੰ ਮੱਤ ਦਿੱਤੀ ਸੀ
ਉਹਨਾਂ ਨੇ ਜੋਟੀਦਾਰਾਂ ਨਾਲ ਰਲ ਕੇ
ਇੱਕ ਦੀ ਤਾਂ ਲੱਤ ਤੋੜੀ
ਦੋਂਹ-ਤਿੰਨਾਂ ਦੇ ਹੱਡ ਸੇਕੇ
ਤੇ ਹੋਰ ਚਹੁੰ-ਪੰਜਾਂ ਦੇ ਐਸੀ ਡਾਂਗ ਫੇਰੀ
ਬਈ ਗੁਰੂ-ਘਰ ਆਉਣਾ ਈ ਛੱਡ ਗਏ !

ਹੁਣ
ਗੁਰੂ ਨੇ ਐਸਾ ਮਿਹਰਾਂ ਦਾ ਮੀਂਹ ਵਰ੍ਹਾਇਐ
ਵਈ ਵੱਡੇ ਮੁੰਡੇ ਦੀ ਤਾਂ ਸੁੱਖ ਨਾਲ
ਕਾਰਾਂ ਦੀ ਲਾਟ ਹੈ।
ਛੋਟੇ ਨੇ ਘਰ ਬਣਾਉਣ ਦੀ
ਆਵਦੀ ਕੰਪਨੀ ਖੋਲ੍ਹੀ ਹੋਈ ਐ।
ਗਭਲੇ ਨੇ ਜਹਾਜਾਂ ਦੀਆਂ
ਟਿਕਟਾਂ ਵੇਚਣ ਦੀ ਜੈਂਸੀ ਖੋਲ੍ਹੀ ਐ।

ਇੱਕ ਦਿਨ ਕਹਿੰਦਾ—
ਬਾਪੂ ! ਵੇਖਲਾ, ਐਸ ਸਾਲ ਸ਼ਹਿਰ ’ਚ ਮੈਂ
ਸਾਰਿਆਂ ਤੋਂ ਵੱਧ ਟਿਕਟਾਂ ਵੇਚੀਐਂ
ਸ਼ਾਪ ਤੇ ਸਾਰਾ ਸਾਲ ਗਾਹਕ ਦਾ
ਵਾਰ ਨੀਂ ਆਇਆ !
ਸੁਣਕੇ ਮੇਰਾ ਢਿੱਡ ਹੱਸਿਆ।
ਮਖ-ਪੁੱਤ !

ਇਹ ਬਾਪੂ ਦੀਆਂ ਈ ਤੇਗਾਂ ਮਾਰੀਆਂ ਐਂ।
ਜੇ ਪ੍ਰਧਾਨਗੀ ਦਾ ਬਟੇਰਾ
ਮੇਰੇ ਪੈਰ ਥੱਲੇ ਨਾ ਆਉਂਦਾ
ਤੇ ਸੰਗਤਾਂ 'ਚ ਮੇਰਾ ਤਿਹੁ-ਪਿਆਰ ਤੇ
ਸਹਿਚਾਰ ਨਾ ਹੁੰਦਾ
ਤਾਂ ਤੇਰੇ ਥੜ੍ਹੇ ਚਾਰ ਗਾਹਕ ਨੀਂ ਸੀ ਚੜ੍ਹਨੇ !

ਹੁਣ ਗੁਰੂ ਦੀ ਕ੍ਰਿਪਾ ਐ !
ਮੈਂ ਤਾਂ ਵਹੁਟੀਆਂ ਨੂੰ ਵੀ ਤਾੜਕੇ ਕਿਹੈ—
ਵਈ ਲੋਕਾਂ ਦੀਆਂ ਲੱਖ ਕੰਮ ਕਰਨ
ਥੋਨੂੰ ਭਾਈ ਡੱਕਾ ਦੂਹਰਾ ਕਰਨ ਦੀ ਲੋੜ ਨੀਂ।
ਗੁਰੂ ਘਰ ਦਾ ਬਥੇਰਾ ਕੁਸ ਦਿੱਤਾ ਹੋਇਐ !

ਕੁਸ ਤਾਂ ਪ੍ਰਧਾਨਗੀ ਕਰਕੇ
ਕੁਸ ਊਂ ਸਮਝੋ ਗੁਣ ਕਰਕੇ
ਗੁਰੂ-ਮਹਾਰਾਜ ਨੇ ਸੋਹਣੀ ਭੱਲ ਬਣਾਈ ਹੋਈ ਐ
ਆਹ ਪਿੱਛੇ ਜਿਹੇ ਜਦੋਂ
ਅੰਬਰਸਰ ਮਾਰ-ਮਰੱਈਆ ਜਿਹਾ ਹੋਇਆ
ਮੈਂ ਦੋ ਤਿੰਨ ਛੰਦ ਬੰਨ੍ਹ ਕੇ
ਇੱਕ ਲਵਾ ਜਿਹਾ ਮੁੰਡਾ ਜੋੜ ਕੇ
ਗੁਰੂ-ਘਰਾਂ ਦੇ ਦੁਆਨਾਂ 'ਚ ਜਦੋਂ ਪ੍ਰੋਗਰਾਮ ਦਿੱਤੇ
ਸਮਝਲਾ ਮਾਇਆ ਦੀਆਂ ਢੇਰੀਆਂ ਲੱਗ ਗਈਆਂ।
ਤਵਾ ਤੱਤਾ ਸੀ
ਮਖ ਵੇਲਾ ਐ ਆਪਾਂ ਵੀ ਚਾਰ ਲਾਹ ਲੀਏ
ਮੈਂ ਗੋਲ-ਕੇਸਰੀ ਬੰਨ੍ਹ ਲਈ।
ਵੇਖਲਾ ਫੇਰ ਜਦੋਂ ਅੱਖਾਂ ਮੀਚ ਕੇ ਪ੍ਰੋਗਰਾਮ ਦੇਣਾ
ਸੰਗਤਾਂ ਨੇ ਮੇਰੀ ਗੋਲ-ਕੇਸਰੀ ਤੇ
ਬਰਛੀ-ਵਿੰਨ੍ਹਵੀਂ ਹੇਕ ਤੋਂ ਬਲਿਹਾਰੇ ਜਾਣਾ
ਤੇ ਮਾਇਆ ਦੀਆਂ ਢੇਰੀਆਂ ਲੱਗ ਜਾਣੀਆਂ।
ਉਹ ਦਿਨ ਵੀ ਕੇਹੇ ਭਲੇ ਦਿਨ ਸੀ !



ਫੇਰ ਏਥੇ ਈ ਇੱਕ ਅਖ਼ਬਾਰ ਵਾਲੇ ਮੇਰੇ ਜਾਣੂੰ ਸੀ
ਪ੍ਰਧਾਨਗੀ ਕਰਕੇ ਮੈਂ ਇਹਨਾਂ ਨੂੰ ਕਈਆਂ ਤੋਂ
ਅਖ਼ਬਾਰ ਲਈ ਚੰਦੇ-ਚੁੰਦੇ ਦੁਆਏ ਸੀ
ਉਹਨਾਂ ਨੇ ਮੈਨੂੰ ਆਪਣਾ ਇੱਕ ਕਾਟ ਜਿਹਾ ਦੇ ਦਿੱਤਾ।
ਫੇਰ ਜਿਵੇਂ ਉਹਨੀਂ ਕਿਹਾ ਸੀ
ਉਹਨਾਂ ਨੂੰ ਕੋਈ ਟੁੱਟੀ-ਫੁੱਟੀ ਲਿਖ ਕੇ ਖ਼ਬਰ ਭੇਜ ਦੇਣੀ
ਉਹਨਾਂ ਨੇ ਆਪੇ ਸੂਤ-ਸਾਤ ਕਰਕੇ ਛਾਪ ਦੇਣੀ
ਨਾਲੇ ਤਾਂ ਅਖ਼ਬਾਰ ਵਾਲੇ ਰਾਜ਼ੀ
ਵਈ ਰੁੱਘਾ ਸਿਹੁੰ ਸਾਨੂੰ ਖਬਰਾਂ ਭੇਜਦੈ
ਚੰਦੇ-ਚੁੰਦੇ ਦੁਆਉਂਦੈ
ਚਹੁੰ ਥਾਂਈਂ ਸਾਡੀਆਂ ਅਖਬਾਰਾਂ ਰਖਵਾਉਂਦੈ
ਨਾਲ਼ ਜਿਨ੍ਹਾਂ ਦੀਆਂ ਖਬਰਾਂ ਭੇਜਣੀਆਂ
ਖ਼ਬਰ ਭਾਵੇਂ ਕਿਸੇ ਗੁਰੂ-ਘਰ ਦੀ ਹੋਵੇ
ਕਮੂਨਟੀ ਦੀ ਕਿਸੇ ਗੱਲ ਦੀ ਹੋਵੇ
ਨਾਲੇ ਉਹਨਾਂ ਦੀ ਖ਼ਬਰ-ਮੂਰਤ ਛਪਣੀ
ਨਾਲ ਈ ਆਪਣੀ ਛਪ ਜਾਣੀ
ਸਮਝੋ ਸੋਹਣਾ ਰੰਗ-ਮੇਲਾ ਬਣ ਗਿਆ !
ਹੋਰ ਤਾਂ ਹੋਰ
ਉਹਨਾਂ ਦੇ ਉਹ ਕਾਟ ਜਿਹੇ ਦਿੱਤੇ ਕਰਕੇ
ਆਪਾਂ ਰੁੱਘਾ ਸਿੰਘ ਜਰਨ
ਉਹਨੂੰ ਕੀ ਕਹਿੰਦੇ ਹੁੰਦੇ ਐ....ਭਲਾ ਜਿਹਾ
ਹਾਂ ਸੱਚ ਜਰਨਲਸਟ ਵੀ ਲਿਖਣਾ ਸ਼ੁਰੂ ਕਰ ਦਿੱਤਾ।
ਹੁਣ ਤਾਂ ਮਹਾਰਾਜ ਦੀ ਕ੍ਰਿਪਾ ਐ
ਸੁੱਖ ਨਾਲ ਪੋਤੇ-ਪੋਤੀਆਂ ਉੱਠ ਖੜ੍ਹੇ ਆ
ਕੰਪੂਟਰ ਤੇ ਸੋਹਣਾ ਹੱਥ ਮਾਰਦੇ ਐ
ਅਕਾਲ ਬੁੱਕ-ਸ਼ਾਪ ਤੇ ਸ਼ਾਮੀਂ ਜਾਈਦੈ
ਉਹਨਾਂ ਨੂੰ ਕਹੀਦੈ
ਵਈ ਜਿਹੜੀ ਕਿਤਾਬ ਅੱਜਕੱਲ੍ਹ
ਚੰਗੀ ਚਲਦੀ ਐ—ਦਿਓ।
ਲੈ ਆਈਦੀ ਐ।
ਜਦੋਂ ਆਰਾ ਮਿੱਲ 'ਚ ਕੰਮ ਕਰੀਦਾ ਸੀ

ਸਿਰ ਖੁਰਕਣ ਦੀ ਵਿਹਲ ਨਈਂ ਸੀ ਲੱਗਦੀ
ਜਦੋਂ ਦਾ ਪ੍ਰਧਾਨਗੀ ਦਾ ਗੁਣਾ ਪਿਆ ਹੈ
ਪੌਂ ਬਾਰਾਂ ਹਨ—
ਪੌਂ ਬਾਰਾਂ ਕੀ ਮੋਗੇ ਦੀਆਂ ਤੀਆਂ ਹਨ !
ਮੁੰਡਿਆਂ ਨੇ ਕੰਮ ਚੱਕ ਲਿਐ
ਗੁਰੂ ਆਸਰੇ ਹੱਥ ਖੁੱਲ੍ਹਾ ਹੋ ਗਿਐ
ਹੁਣ ਤਾਂ ਵਿਹਲ ਈ ਵਿਹਲ ਐ।
ਪਹਿਲੋਂ ਪਹਿਲ ਤਾਂ
ਅੱਖਰ ਉਠਾਉਣੇ ਈ ਨਹੀਂ ਸੀ ਆਉਂਦੇ
ਕਮਿੱਸ਼ਰੀ ਵੇਲੇ ਛੰਦ ਯਾਦ ਕਰਨੇ ਪਏ
ਕੋਸ਼ਟ ਕੀਤੀ ਤਾਂ ਵੀ ਅਖ਼ਬਾਰ
ਖੌਂਝ-ਖੌਂਝ ਕੇ ਈ ਪੜ੍ਹਿਆ ਜਾਇਆ ਕਰੇ।
ਹੁਣ ਤਾਂ ਸਾਰਾ ਅਖ਼ਬਾਰ ਵੀ
ਦੋਹ ਘੈਂਟਿਆਂ 'ਚ ਦਬਾ-ਸੱਟ ਪੜ੍ਹ ਲਈਦੈ।
ਗੁਰੂ ਦੀ ਕ੍ਰਿਪਾ ਲਾਲ
ਕੰਮ ਐਨਾ ਰੈਲ਼ਾ ਹੋ ਗਿਐ
ਵਈ ਜੁਆਕ ਕੰਪੂਟਰ ਤੇ ਬਹਿ ਜਾਂਦੇ ਐ
ਬੁੱਕ-ਸ਼ਾਪ ਤੋਂ ਲਿਆਂਦੀ ਕਿਤਾਬ ਖੋਲ੍ਹੀਦੀ ਐ
ਜਿਹੜਾ ਦਿਨ-ਦਿਹਾੜਾ ਹੁੰਦੈ
ਸੁਫਾ ਕੱਢ ਕੇ, ਦਿਨ-ਮਾਹ ਸੰਨ ਕੱਢ ਕੇ
ਜਿਹੜੀ ਗੱਲ ਕਿਸੇ ਦੀ ਚੰਗੀ ਲੱਗੇ
ਨਿਸ਼ੰਗ ਕੱਢ ਲਈਦੀ ਐ
ਦਿਨ-ਦਿਹਾਰ ਤੇ ਜਥੇਬੰਦੀ ਅਖ਼ਬਾਰ ਮੁਤਾਬਿਕ
ਭੋਰਾ ਕੋਲੋਂ ਪਾ ਦੇਈਦੀ ਐ।

ਗੱਲ ਕੀ !
ਹੁਣ ਗੁਰੂ ਦੀ ਐਨ੍ਹ ਪੂਰੀ ਮਿਹਰ ਐ
ਚਾਰੇ ਪਾਸੇ ਚੰਗਾ ਮਾਣ-ਤਾਣ ਐ।
ਐਥੇ ਸ਼ਹਿਰ 'ਚ ਜਿਹੜਾ ਗੁਰੂ ਘਰ ਐ
ਥੋਨੂੰ ਦੱਸਿਐ—
ਏਸ ਤੇ ਵੀ ਆਪਣਾ ਪੂਰਾ ਕੰਟਰੋਲ ਐ।



ਏਥੇ ਪ੍ਰੋਗਰਾਮ ਤਾਂ ਹੁੰਦੇ ਈ ਰਹਿੰਦੇ ਐ
ਲੀਡਰ ਢਾਡੀ ਕੀਰਤਨੀਏ
ਤੇ ਹੋਰ ਹਰ ਰਕਮ ਦੇ ਬੰਦੇ
ਆਉਂਦੇ ਈ ਰਹਿੰਦੇ ਐ।
ਆਉਂਦੇ ਕੀ ! ਆਪ ਮੰਗਵਾਈਦੇ ਐ !!
ਆਪਾਂ ਤਾਂ ਰਿਸ਼ਤੇਦਾਰਾਂ ਕੀ ਸਿਆਣੂੰ-ਗਿਆਣੂੰ ਵੀ
ਗੁਰੂ ਦੀ ਕ੍ਰਿਪਾ ਨਾਲ ਸਾਰੇ ਫਿੱਟ ਕਰ ਦਿੱਤੇ ਐ
ਸੋਹਣਾ ਮਾਣ-ਤਾਣ ਬਣਿਆ ਹੋਇਐ !

ਪਰਸੋਂ ਦਿਨ ਛਿਪਦੇ ਨਾਲ
ਮੈਂ ਪਾਰਕ ਰੋਡ ਤੇ ਸੈਲ ਕਰਨ ਗਿਆ
'ਗਾਹਾਂ ਮੂਹਰਿਓਂ ਪਿੰਡ ਆਲਾ ਆਤਮਾ ਆਵੇ।
ਹੱਥ 'ਚ ਖੂੰਡੀ ਫੜੀ-ਲੰਘ ਚੱਲਿਆ !
ਮਖ-ਆਤਮਿਆ ! ਸਿਆਣਿਆ ਨੀਂ ?
ਕਹਿੰਦਾ—ਨਿਗਾਹ ਘੱਟਗੀ।
ਮੈਂ ਪੁੱਛਿਆ—ਕੰਮ ਤੇ ਜਾਨਾਂ ਹੁੰਨੈ ?
ਕਹਿੰਦਾ—ਆਹੋ ! ਹੋਰ ਜਾਣਾ ਨੀਂ !! ਆਏਂ ਸਰਦੈ ?
ਮੇਰਾ ਹਾਸਾ ਨਿਕਲ ਗਿਆ।
ਮਖ-ਐਧਰ ਵੇਖਲਾ ਬੜਾ ਸੋਹਣਾ ਸਰੀ ਜਾਂਦੈ !!
ਮੈਂ ਮਨ 'ਚ ਕਿਹਾ—
ਮੂਰਖ ! ਲੱਛਮੀ ਭੁੱਖਾ ਮਰਦੈਂ
ਕੋਈ ਗੁਰ ਸਿੱਖਿਆ ਹੁੰਦਾ
ਤਾਂ ਮੇਰੇ ਵਾਂਗੂੰ ਮੌਜ ਕਰਦਾ !
ਭੁੱਖਾ ਤਾਂ ਨਾ ਮਰਦਾ !!
ਤੂੰ ਬਾਹਰ ਆ ਕੇ ਉਮਰ ਗਾਲ਼ ਲੀ
ਪਰ ਤੈਨੂੰ ਤੋਰੀ-ਫੁਲਕਾ ਚਲਾਉਣਾ ਨਾ ਆਇਆ !!

(2004)

# ਵਿਅੰਗ-ਵੱਢਾਂਗਾ

## 1.

### ਇੱਕ ਰਾਜਸੀ-ਗੁਰੂ ਦਾ
### ਨਵੇਂ ਸੱਜ ਰਹੇ ਲੀਡਰ-ਚੇਲੇ ਨੂੰ ਗੁਰ-ਮੰਤਰ

ਚੁੱਕ ਪੰਜ ਰੁਪਈਏ ਤੇ ਪੱਗ ਅੱਗੋਂ, ਕਿਹਾ ਗੁਰੂ-ਮੁਬਾਰਕਾਂ ਹੋਣ ਬੇਟਾ!
ਨਿੱਤ ਨਿੱਤ ਕਰੇਂ ਉਦਘਾਟਨ ਤੇ ਧਰੇਂ ਪੱਥਰ, ਕੁਰਸੀ ਬਣੀ ਰਹੇ ਹੁੰਦੀ ਰਹੇ ਚੋਣ ਬੇਟਾ।
ਮਿਲਣ ਤੈਨੂੰ ਸਲਾਮੀਆਂ ਦਿਨੇ-ਰਾਤੀਂ, ਸਦਾ ਹੱਸੇਂ ਤੇ ਦੁਸ਼ਮਣ ਪਏ ਰੋਣ ਬੇਟਾ।
ਟਿਕਟ ਮਿਲਣ ਤੇ ਨੰਗ ਤੋਂ ਬਣੇ ਨੇਤਾ, ਲੋਕੀਂ ਨੋਟਾਂ ਦੇ ਹਾਰ ਪ੍ਰੋਣ ਬੇਟਾ।
ਅੰਨ੍ਹਾ ਅਕਲ ਦਾ ਰਿਹੈਂ ਅੱਜ ਤੀਕ ਭਾਵੇਂ, ਦੇ ਕੇ ਨੇਤਰ ਅੱਜ ਰਾਹ ਦਿਖਾਉਣ ਲੱਗਿਆ।
ਚੇਲਾ ਮੁੰਨ ਕੇ ਥਾਪਨਾ ਦੇਹ ਤੈਨੂੰ, ਲੀਡਰ ਬਣਨ ਦਾ ਮੰਤਰ ਸਿਖਾਉਣ ਲੱਗਿਆ।

ਪਹਿਲਾ ਮੰਤਰ ਹੈ ਆਪਣਾ ਆਪ ਮਾਰਨ, ਫੇਰ ਜੜੀ-ਜ਼ਮੀਰ ਨੂੰ ਮਾਰਨਾ ਹੈ।
ਆਪੋਜ਼ੀਸ਼ਨ ਹੈ ਸਮਝਣਾ ਜੱਗ ਤਾਈਂ, ਅੱਗਾ ਆਪਣਾ ਸਿਰਫ਼ ਸੰਵਾਰਨਾ ਹੈ।
ਮਨ ਵਿੱਚ ਹੋਰ ਤੇ ਮੁੱਖੋਂ ਕੁਝ ਹੋਰ ਕਹਿਣਾ, ਝੂਠ ਵਰਤਣਾ ਸੱਚ ਵਿਸਾਰਨਾ ਹੈ।
ਠੱਗੀ ਧੋਖੇ ਫ਼ਰੇਬ ਨੂੰ ਬੰਨ੍ਹ ਪੱਲੇ, ਭੇਡਾਂ ਜਾਣ ਲੋਕਾਈ ਨੂੰ ਚਾਰਨਾ ਹੈ।
ਸਾਰੀ ਸ਼ਰਮ ਹਯਾ ਨੂੰ ਵੇਚ ਖਾਣਾ, ਸਦਾ ਹਾਰ ਨੂੰ ਸਮਝਣਾ ਜਿੱਤ ਬੇਟਾ।
ਸਦਾ ਗਹਿਰ-ਗੰਭੀਰ ਇਕਸਾਰ ਰਹਿਣਾ, ਮੁੱਧ ਡਿੱਗੇਂ ਜਾਂ ਡਿੱਗ ਪਏਂ ਚਿੱਤ ਬੇਟਾ।

ਆਪੋਜ਼ੀਸ਼ਨ ਨੂੰ ਕੋਸਣਾ ਸੁਬ੍ਹਾ ਵੇਲੇ, ਦਾਅ ਲੱਗੇ ਜੇ ਕਦੇ ਸਰਕਾਰ ਅੰਦਰ।
ਐਨ੍ਹ ਵਾਂਗ ਬਰਸੀਮ ਦੇ ਮੁੱਛ ਲੈਣਾ, ਆਵੇ ਮਹਿਕਮਾ ਜਿਹੜਾ ਵੀ ਮਾਰ ਅੰਦਰ।
ਸੁਆਗਤ ਆਪਣੇ ਲਈ ਹਾਰ ਭੇਜਣੇ ਹਨ, ਸਦਾ ਆਪ ਤੋਂ ਪਹਿਲੜੀ ਕਾਰ ਅੰਦਰ।
ਰੱਖਣੀ ਨਾਲ ਐਡੀਟਰਾਂ ਸਦਾ ਯਾਰੀ, ਰੱਖਣਾ ਇਨ੍ਹਾਂ ਨੂੰ ਸਦਾ ਨਿਹਾਲ ਬੇਟਾ।
ਗੜਬੜ ਮਾਮਲਾ ਸਮਝਣਾ ਲੀਡਰੀ ਦਾ, ਮੂਰਤ ਰੋਜ਼ ਨਾ ਛਪੇ ਅਖ਼ਬਾਰ ਅੰਦਰ।
ਸਿੱਧੀ ਕਲਮ ਵਾਹ ਗੁੱਡੀ ਚੜ੍ਹਾਇ ਦਿੰਦੇ, ਪੁੱਠੀ ਕਲਮ ਵਾਹ ਬਣਨ ਇਹ ਕਾਲ ਬੇਟਾ!!

ਟਿਕਟ ਬੱਸ ਦਾ ਵੀ ਕਿਧਰੇ ਹੋਏ ਮਿਲਦਾ, ਛੇਤੀ ਭੱਜ ਕੇ ਲਾਈਨ ਵਿੱਚ ਜਾ ਖੜ੍ਹਨਾ।
ਕਿਧਰੇ ਖ਼ੁਸ਼ੀ ਦਾ ਜਾਂ ਮਰਗ ਦਾ 'ਕੱਠ ਹੋਵੇ, ਛਾਲ ਮਾਰ ਸਟੇਜ ਤੇ ਜਾ ਚੜ੍ਹਨਾ।
ਭੁਟ-ਭੁਟ ਬੋਲਣਾ ਰਟੀ ਤਕਰੀਰ ਤਾਂਈਂ, ਬਿਨ੍ਹਾਂ ਪੁੱਛਿਆਂ ਮਾਈਕ ਨੂੰ ਜਾ ਫੜ੍ਹਨਾ।
ਆਪੋਜ਼ੀਸ਼ਨ ਵਿੱਚ ਹੁੰਦਿਆਂ ਨਿੱਛ ਆਵੇ, ਸਾਰਾ ਦੋਸ਼ ਸਰਕਾਰ ਸਿਰ ਜਾ ਮੜ੍ਹਨਾ।
ਕਦੇ ਮੂਲ ਨਹੀਂ ਗੌਲਣਾ ਬੇਇਜ਼ਤੀ ਨੂੰ, ਸਗੋਂ ਉੱਠ ਕੇ ਹੋਰ ਮੁਸਕਾਵਣਾ ਹੈ !



ਚੋਣ ਪਹਿਲੋਂ ਹੈ ਵੋਟਰ ਨੂੰ ਪਿਓ ਕਹਿਣਾ, ਮਗਰੋਂ ਓਸੇ ਨੂੰ ਪੁੱਤ ਬਣਾਵਣਾ ਹੈ!!

ਦਲ ਬਦਲਣਾ ਅੱਖ ਦੇ ਫੋਰ ਅੰਦਰ, ਚੜ੍ਹਦੇ ਸੂਰਜ ਨੂੰ ਸੀਸ ਝੁਕਾਈ ਜਾਣਾ।
ਰੱਖਣਾ ਕੁੜਤਾ ਪਜਾਮਾ ਤਾਂ ਓਹੀ ਭਾਵੇਂ, ਬਦਲੇਂ ਪਾਰਟੀ ਪੱਗ ਬਦਲਾਈ ਜਾਣਾ।
ਨਾਂਹ ਵਿੱਚ ਕਿਸੇ ਨੂੰ ਨਹੀਂ ਜਵਾਬ ਦੇਣਾ, ਕਾਕੇ ਬਖ਼ਸ਼ਣੇ ਲਾਰਾ ਹੀ ਲਾਈ ਜਾਣਾ।
ਉੱਤੋਂ ਏਕਤਾ ਦਾ ਨਾਅਰਾ ਲਾਈ ਜਾਣਾ, ਦੋਹਾਂ ਧਿਰਾਂ ਨੂੰ ਵਿੱਚੋਂ ਲੜਾਈ ਜਾਣਾ।
ਇਹਨਾਂ ਗੁਣਾਂ ਦਾ ਧਾਰਨੀ ਹੋਏਂ ਜੇਕਰ, ਤੈਨੂੰ ਪਾਰਟੀ ਕੁਰਸੀ ਬਿਠਾਏਗੀ ਫਿਰ!
ਕੋਈ ਪਿਓ ਦਾ ਪੁੱਤ ਨਹੀਂ ਲਾਹ ਸਕਦਾ, ਤੈਨੂੰ ਪੁਲਸ ਹੀ ਕੁੱਟ ਕੇ ਲਾਹੇਗੀ ਫਿਰ!!

(ਮਾਰਚ, 1985)

## 2.

ਅਕਾਲ ਤਖ਼ਤ ਤੇ ਹੋਇਆ ਹਮਲਾ ਜੂਝੇ ਬੜੇ ਜੁਝਾਰ !
ਹੱਥ ਖੜ੍ਹੇ ਕਰ, ਗਰਦਨ ਨੀਵੀਂ ਕੰਬੀ ਜਾਣ ਗ਼ੱਦਾਰ।
ਕੰਬੀ ਜਾਣ ਗ਼ੱਦਾਰ ਤਿੱਪ-ਤਿੱਪ ਚੋਣ ਕਛਹਿਰੇ।
ਦਿਲ ਧੜਕਣ, ਢਿੱਡ ਘਟੇ, ਮੀਣੇ ਸਿੰਗ ਬਣੇ ਮੁੱਛਹਿਰੇ।
ਕਹੈ ਮੁਗਧਰ ਕਵੀਰਾਇ ਲੰਗਰ ਦਾ ਪੀ ਕੇ ਦਾਲਾ !
ਕੀਤਾ ਲੂਣ ਹਰਾਮ, ਕੌਮ ਨਾਲ ਘਾਲਾ-ਮਾਲਾ !!

ਸਿੰਘ-ਸਾਹਿਬ ਤੇ ਹੋਇਆ ਹਮਲਾ ਬਚ ਗਏ ਵਾਲੋ-ਵਾਲ !
ਆਪੇ ਸਤਿਗੁਰ ਹੋਏ ਸਹਾਈ ਆਪੇ ਬਣਦੇ ਢਾਲ।
ਆਪੇ ਬਣਦੇ ਢਾਲ ਆਪੇ ਦਿਖਲਾਉਂਦੇ ਜਲਵਾ।
ਆਪ ਖਵਾਉਂਦੇ ਗੋਲੀ ਸਤਿਗੁਰ ਆਪ ਖਵਾਉਂਦੇ ਹਲਵਾ।
ਕਹੈ ਮੁਗਧਰ ਕਵੀਰਾਇ ਬਖ਼ਸ਼ਦੇ ਆਪੇ ਕਰਨੀ !
ਹੋਏ ਭੋਗ ਤੇ 'ਕੱਠ ਮਰੋ ਭਾਈ ਐਸੀ ਮਰਨੀ !!

ਜ਼ੈਲ ਸਿਹੁੰ ਨੇ ਚੁੱਕ ਕਰੰਡੀ ਕੀਤੀ ਦੇਸ਼-ਉਸਾਰੀ !
ਪਹਿਲਾਂ ਢਾਹਿਆ ਅੰਬਰਸਰ ਤੇ ਦਿੱਲੀ ਸਾੜੀ ਸਾਰੀ।
ਹੁਣ ਇਹ ਸਾੜੂ ਕੋਟਕਪੂਰਾ ਫੇਰ ਸੰਧਵੀਂ ਜਾਊ।
ਜਿੱਥੇ ਸੀ ਅਵਤਾਰ ਧਾਰਿਆ ਉਹ ਪੜਛੱਤੀ ਢਾਊ।
ਕਹੈ ਮੁਗਧਰ ਕਵੀਰਾਇ ਰਾਜ ਬਣੀਏ ਤਾਂ ਐਸਾ !

ਤਜੀਏ ਧਰਮ-ਈਮਾਨ ਬਣਾਈਏ ਪੈਸਾ! ਪੈਸਾ !!!

ਭਜਨ ਲਾਲ ਦਾ ਮੁਫ਼ਤ ਮਸ਼ਵਰਾ ਸੂਬਾ ਤੋੜੋ ਗਾਂਧੀ !
ਸਿੱਖਾਂ ਦਾ ਫਿਰ ਲੋਹਾ ਹੋਵੇ ਸਾਡੀ ਹੋਵੇ ਚਾਂਦੀ।
ਸਾਡੀ ਹੋਵੇ ਚਾਂਦੀ ਆਪਣੀ ਗੱਲ ਪੁਗਾਈਏ।
ਜਦੋਂ ਕਰੇ ਜੀ ਫੇਰ ਸਿੱਖਾਂ ਨੂੰ ਰਗੜਾ ਲਾਈਏ।
ਕਹੈ ਮੁਗਧਰ ਕਵੀਰਾਇ ਬਥੇਰਾ ਹੋ ਲਿਆ ਕੂੰਡਾ !
ਹੁਣ ਟੁੱਟੂ ਕੰਗਰੋੜ ਮੋਰਾਂ ਵਿੱਚ ਖੜਕੂ ਖੂੰਡਾ !!

'ਜਾਗੋ' (ਅਪ੍ਰੈਲ, 1985)

## 3.

ਜੇਲ੍ਹੋਂ ਛੁਟਦਿਆਂ ਕਿਹਾ ਜਗਦੇਵ ਸਿੰਘ ਨੇ, ਲੌਂਗੋਵਾਲ ਤੇ ਟੌਹੜਾ ਮਸੰਦ ਦੋਵੇਂ!
ਇਹਨਾਂ ਰਲ ਕੇ ਪੰਥ ਮਰਵਾਇ ਦਿੱਤਾ, ਅਤੇ ਆਪ ਹੋਏ ਅੰਦਰ ਬੰਦ ਦੋਵੇਂ।
ਆਪ ਆਖ ਕੇ ਫ਼ੌਜ ਬੁਲਾਈ ਇਹਨਾਂ, ਰਲ ਕੇ ਚਾੜ੍ਹਦੇ ਰਹੇ ਇਹ ਚੰਦ ਦੋਵੇਂ।
ਰਿਹਾ ਧੌਣ ਭਨਾਉਂਦਾ ਪੰਥ ਸਾਰਾ, ਰਹੇ ਖਾਂਵਦੇ ਆਪ ਗੁਲਕੰਦ ਦੋਵੇਂ।
ਤਾਂਬਲ ਫੇਰਿਓ ਐਹੋ ਜਿਹਾ ਖਾਲਸਾ ਜੀ, ਉਮਰ ਭਰ ਜੁ ਇਹਨਾਂ ਦਾ ਚੰਮ ਜਾਣੇ!
ਜਾਂ ਫਿਰ ਮੈਨੂੰ ਪਰਧਾਨਗੀ ਬਖਸ਼ ਦੇਵੋ, ਫੇਰ ਮੈਂ ਜਾਣਾ, ਮੇਰਾ ਕੰਮ ਜਾਣੇ !!

ਲੌਂਗੋਵਾਲ ਨੇ ਲੌਂਗਾਂ ਦੀ ਚਾਹ ਪੀ ਕੇ, ਫੜ੍ਹਾਂ ਫੋਕੀਆਂ ਇਸ ਤਰ੍ਹਾਂ ਮਾਰੀਆਂ ਨੇ।
ਸਾਨੂੰ ਸਮਝਿਆ ਕੀ ਰਾਜੀਵ ਕਾਕੇ, ਅਸੀਂ ਹੁਣ ਤਕ ਬੱਕਰੀਆਂ ਚਾਰੀਆਂ ਨੇ?
ਪੈਰ, ਸੀਸ ਧਰ ਭੱਜੇ ਪਰਧਾਨਗੀ ਲਈ, ਅਸੀਂ ਝੱਲੀਆਂ ਲੱਖ ਖੁਆਰੀਆਂ ਨੇ।
ਅਸੀਂ ਖ਼ੂਨ ਸ਼ਹੀਦਾਂ ਦਾ ਵੇਚ ਜਾਈਏ, ਸਾਨੂੰ ਆਉਂਦੀਆਂ ਸਭ ਹੁਸ਼ਿਆਰੀਆਂ ਨੇ।
ਪਵੇ ਕੁੱਟ ਤਾਂ ਸਿਰੀ ਲੁਕੋ ਲਈਏ, ਕੱਛੂ-ਕੁੰਮਿਆਂ ਵਾਂਗ ਸੁਭਾਅ ਸਾਡਾ !
ਉਤੋਂ ਪੰਥ ਦੇ, ਵਿੱਚੋਂ ਸਰਕਾਰ ਦੇ ਹਾਂ, ਨਾਰਦ-ਮੁਨੀ ਸੀ ਸਕਾ ਭਰਾ ਸਾਡਾ !!

ਟੌਹੜੇ ਆਖਿਆ ਸਾਧ ਜੀ ਸੁਣੋ ਮੈਥੋਂ, ਵੱਲ ਦੱਸਾਂ ਮੈਂ ਖੱਲ ਬਚਾਵਣੇ ਦਾ।
ਪੰਥ ਵੇਚਣੇ ਦਾ, ਕੁਰਸੀ ਰੱਖਣੇ ਦਾ, ਛਿੱਤਰ ਪੈਂਦਿਆਂ ਤਿੱਤਰ ਹੋ ਜਾਵਣੇ ਦਾ।
ਗੱਲ ਏਕਤਾ ਦੀ, ਕੰਮ ਪਾੜਨੇ ਦਾ, ਤੋਰੀ-ਫੁਲਕੜਾ ਸੋਹਣਾ ਚਲਾਵਣੇ ਦਾ।
ਫ਼ੌਜਾਂ ਸੱਦ ਕੇ ਲੋਕ ਮਰਵਾਵਣੇ ਦਾ, ਅੰਦਰ ਹੋਇ ਕੇ ਪਿੰਡਾ ਲੁਕਾਵਣੇ ਦਾ।
ਨੁਸਖ਼ਾ ਲੱਗੇ ਤੇ ਹੋਏ ਮੁਰਾਦ ਪੂਰੀ, ਸੁਰਮੇਦਾਨੀ ਇੱਕ ਮੈਨੂੰ ਲਿਆ ਦੇਵੀਂ !



ਵੇਖਾਂ ਪੰਥ ਮਰਦਾ, ਸੁਰਮਾ ਲਿਆ ਕਿਧਰੋਂ, ਮੇਰੀਆਂ ਖਚਰੀਆਂ ਅੱਖਾਂ ਵਿੱਚ ਪਾ ਦੇਵੀਂ!!

ਲੌਂਗੋਵਾਲ ਤੇ ਟੌਹੜੇ ਨੇ ਕਿਹਾ ਏਦਾਂ, ਅਸੀਂ ਪੰਥ ਦੀ ਨਬਜ਼ ਪਛਾਣਦੇ ਹਾਂ।
ਅਸੀਂ ਉਹ ਮਰਜੀਵੜੇ ਕੌਮ ਦੇ ਜੋ, ਗੋਲੀ ਲੰਘੀ ਤੋਂ ਛਾਤੀਆਂ ਤਾਣਦੇ ਹਾਂ।
ਸਾਡੀ ਕੋਈ ਵੰਗਾਰੇ ਜੇ ਲੀਡਰੀ ਨੂੰ, ਦੁਸ਼ਮਣ ਪੰਥ ਦਾ ਉਹਨੂੰ ਗਰਦਾਣਦੇ ਹਾਂ।
ਜਿਉਂਦੇ ਰਹੀਏ ਜ਼ਮੀਰ ਨੂੰ ਮਾਰ ਕੇ, ਮਰੇ ਹੋਏ ਵੀ ਜ਼ਿੰਦਗੀ ਮਾਣਦੇ ਹਾਂ।
ਕੁਰਸੀ ਖੂਹ 'ਚ ਵੀ ਜੇ ਕੋਈ ਸੁੱਟ ਦੇਵੇ, ਛਾਲ ਮਾਰੀਏ ਛੱਡ ਜੈਕਾਰਿਆਂ ਨੂੰ!
ਸਾਡੀ ਲੀਡਰੀ ਖੋਹਿਓ ਨਾ ਹੋਣਹਾਰੋ! ਸਾਨੂੰ ਮਾਰੋ ਨਾ ਗੁਰੂ ਦੇ ਮਾਰਿਆਂ ਨੂੰ !!

ਹੁੰਦਾ ਨਾਲ ਸੁਆਦਾਂ ਦੇ ਸਾਧ ਨੂੰ ਕੀ? ਕੀ ਜੇ ਖਾ ਲਿਆ ਕਦੇ ਪ੍ਰਸ਼ਾਦ ਚੰਗਾ?
ਜਾਂ ਫਿਰ ਕੁਰਸੀ ਦੀ ਸਾਧ ਨੂੰ ਭੁੱਖ ਲੱਗੇ, ਲੱਗੇ ਗਿੱਦੜ ਨੂੰ ਜਿਵੇਂ ਕਮਾਦ ਚੰਗਾ!
ਕੁਰਸੀ ਸਾਧ ਦੇ ਚਿਹਰੇ ਲਈ ਖ਼ੂਬ ਚੰਗੀ, ਜਿਵੇਂ ਕਣਕ ਲਈ ਯੂਰੀਆ ਖਾਦ ਚੰਗਾ।
ਝੂਟੇ ਕੁਰਸੀ ਦੇ ਬਿਨਾਂ ਸ਼ੱਕ ਸੁਰਗ-ਝੂਟੇ, ਐਪਰ ਕਰੇ ਜੇ ਕਰੇ ਬਰਬਾਦ ਚੰਗਾ!
ਸਾਧ ਹੋਇਕੇ ਤਾਕਤ ਦੀ ਤਮ੍ਹਾਂ ਰੱਖੇ, ਐਸੇ ਸਾਧ ਤੇ ਖੁਰਚਣਾ ਤੋੜੀਏ ਜੀ !
ਨਾਲੇ ਸਾਧ ਦੀ ਮਾਂਓਂ ਦੀ ਮਿੰਨਤ ਕਰੀਏ, ਅਗਲੇ ਸਾਧ ਥਾਵੇਂ ਬਿੱਜੂ ਲੋੜੀਏ ਜੀ!!

(ਮਈ, 1985)

## 4.

ਲੌਂਗੋਵਾਲ ਨੂੰ ਮੁਕਤਸਰ ਵਿੱਚ ਜਲਸੇ, ਪੇਸ਼ ਕੀਤੀਆਂ ਮਾਈਆਂ ਨੇ ਚੂੜੀਆਂ ਨੇ।
ਕਿਹਾ-ਅਕਲ ਦੀ ਕੋਈ ਨਾ ਗੱਲ ਕੀਤੀ, ਭਰੀਆਂ ਸਿਰੀਂ ਕੀ ਖ਼ਬਰਨੀਂ ਤੂੜੀਆਂ ਨੇ!
ਨਾਲ ਗੱਦੀਆਂ-ਕੁਰਸੀਆਂ ਇੰਜ ਚੰਬੜੇ, ਜੀਕਰ ਨਿਰੀਆਂ ਕੋਈ ਗ੍ਰਿਟਕ-ਲਸੂੜੀਆਂ ਨੇ।
ਦੇ ਕੇ ਹੇਲੀਆਂ ਦਿੱਲੀ ਦੇ ਵੱਲ ਭੱਜੋਂ, ਗੱਲਾਂ ਕਰਨ ਲਈ ਠੰਢੀਆਂ-ਗੂੜ੍ਹੀਆਂ ਨੇ।
ਲੌਂਗੋਵਾਲ ਦੀਆਂ ਤੀਆਂ ਵਿੱਚ ਦਿਓ ਗੇੜਾ, ਲੜਨਾ ਔਖਾ ਜੇ ਲਗਦੈ ਤਲਵਾਰ ਦੇ ਨਾਲ!
ਪਹਿਨ ਚੂੜੀਆਂ ਬੈਠ ਜਾਓ ਘਰੀਂ ਜਾ ਕੇ, ਕੁੜਤੀ ਪੱਟ ਦੀ ਪਾ ਕੇ ਸਲਵਾਰ ਦੇ ਨਾਲ!!

ਖੂੰਡਾ ਖੜਕਿਆ ਬਾਬੇ ਜੋਗਿੰਦਰ ਸਿੰਘ ਦਾ, ਲੌਂਗੋਵਾਲ ਤ੍ਰੇਲੀਆਂ ਛੁੱਟੀਆਂ ਨੇ।
ਕੁਣਕਾ ਪੱਚੇ ਨਾ ਚਿੱਤ ਉਦਾਸ ਹੋਇਆ, ਬਾਬੇ ਮਿੱਠੀਆਂ-ਕੁਰਸੀਆਂ ਲੁੱਟੀਆਂ ਨੇ।
ਨਿਰੇ ਬਾਬਾ ਜੀ ਨਰਮੇ ਦੇ ਫੁੱਟ ਨਿਕਲੇ, ਜਿਹੜੇ ਲੱਗਦੇ ਸੀ ਦਹੀਂ ਦੀਆਂ ਫੁੱਟੀਆਂ ਨੇ।
ਬਾਬੇ ਵਾਰਿਆ ਕੋੜਮਾ ਕੌਮ ਉਤੋਂ, ਸੰਤਾਂ ਛਿੱਤਰੀਂ ਘੁੱਗੀਆਂ ਕੁੱਟੀਆਂ ਨੇ।
ਸੰਤ ਸੁੰਗੜੇ ਮੋਰਾਂ ਨੂੰ ਠੰਢ ਲੱਗੇ, ਖੋਹ ਲਈ ਬਾਬੇ ਨੇ ਭੂਰੀ ਪਰਧਾਨਗੀ ਦੀ।

ਠੂਠਾ ਸੱਖਣਾ ਦੇਖ ਕੇ ਸੰਤ ਰੋਂਦੇ, ਬਾਬਾ ਲੈ ਗਿਆ ਚੂਰੀ ਮਰਦਾਨਗੀ ਦੀ !!

ਉੱਡਿਆ ਮਾਸਕੋ ਵੱਲ ਰਾਜੀਵ ਗਾਂਧੀ, ਗੱਲਾਂ ਕਰਨ ਲਈ ਗੁੱਝੀਆਂ ਅਹੁੜੀਆਂ ਨੇ।
ਸਾਨੂੰ ਖਾਲਸੇ ਤੰਗ-ਹੈਰਾਨ ਕੀਤਾ, ਲਾਉਂਦਾ ਪਿਆ ਅਸਮਾਨ ਨੂੰ ਪੌੜੀਆਂ ਨੇ।
ਮੰਨੋ ਬੇਨਤੀ ਤੁਸੀਂ ਡਰਾਓ ਇਹਨੂੰ, ਲਾਹ ਥੱਕੇ ਹਾਂ ਅਸੀਂ ਤਾਂ ਧੌੜੀਆਂ ਨੇ।
ਅਸੀਂ ਸ਼ੇਰ ਦੇ ਛੁਣਛੁਣਾ ਮਾਰ ਬੈਠੇ, ਹ੍ਹੀਲਾ ਸਾਡੀਆਂ ਸਾਡੀਆਂ ਬੁਹੜੀਆਂ ਨੇ।
ਸਾਨੂੰ ਕਿਸੇ ਸਿਆਣੇ ਨੇ ਦੱਸਿਆ ਹੈ, ਇਹਨੇ ਅਟਕ ਦਾ ਵਹਿਣ ਸੀ ਮੋੜ ਦਿੱਤਾ!
ਜਿਉਂ ਜਿਉਂ ਵੱਢੀਏ ਹੁੰਦਾ ਹੈ ਦੂਣ-ਚੌਣਾ, ਇਹਨੇ ਮਨੂੰ ਚੂਕਣਾ ਤੋੜ, ਦਿੱਤਾ!!

ਭਜਨ ਲਾਲ ਨੇ ਸੱਜਰਾ ਬਿਆਨ ਦਿੱਤਾ, ਗ਼ਲਤ ਬਹੁਤ ਅਕਾਲੀ ਪ੍ਰਚਾਰ ਕਰਦੇ।
ਮੈਂ ਅਮਰੀਕਾ ਜਦ ਗਿਆ ਬਣਵਾਉਣ ਅੱਖਾਂ, ਫਿਰਦੇ ਰਾਜ ਵਿੱਚ ਰਹੇ ਮਾਰੋ-ਮਾਰ ਕਰਦੇ।
ਘੁੱਗੀ ਅਮਨ ਦੀ ਮੀਟ ਬਣਾਇ ਖਾਧੀ, ਸਦਾ ਨਾਲ ਸਰਕਾਰ ਤਕਰਾਰ ਕਰਦੇ।
ਟੁੱਟ ਜਾਵੇ ਕੰਗਰੋੜ, ਹੀ ਦੇਸ਼ ਵਾਲੀ, ਐਹੋ ਜਿਹਾ ਮਾਹੌਲ ਤਿਆਰ ਕਰਦੇ।
ਸਾਰੇ ਦੇਸ਼ਾਂ ਵਿੱਚ ਇਹਨਾਂ ਨੇ ਗਾਹ ਪਾਇਆ, ਥਾਂ ਥਾਂ ਸਾਨੂੰ ਇਹ ਛੱਜ ਵਿੱਚ ਪਾਉਣ ਲੱਗੇ!
ਨਿਗ੍ਹਾ ਘਟੀ ਤੋਂ ਜਦੋਂ ਮੈਂ ਗਿਆ ਮਿਰਕਣ, ਮੇਰੀਆਂ ਅੱਖਾਂ ਸੀ ਓਥੇ ਬਣਾਉਣ ਲੱਗੇ !!

'ਜਾਗੋ' (ਜੂਨ, 1985)

## 5.

ਲੌਂਗੋਵਾਲ ਜੀ ਰੁੱਸ ਕੇ ਤੁਰੇ ਪੇਕੇ, ਸਾਨੂੰ ਹੱਸ ਨਾ ਕੋਈ ਬੁਲਾਂਵਦਾ ਈ।
ਗੱਭਰੂ-ਪੰਥ ਦੇ ਨਖ਼ਰੇ ਨੇ ਹੋਏ ਉੱਚੇ, ਕਦੇ ਮੰਜੀਆਂ ਜੋੜ ਨਾ ਡਾਂਹਵਦਾ ਈ।
ਬਾਬਾ ਕੁੰਜੀਆਂ ਜੇਬ ਵਿੱਚ ਪਾਇ ਤੁਰਦਾ, ਸਾਥੋਂ ਪੈਰੀਂ ਨਾ ਹੱਥ ਲਵਾਂਵਦਾ ਈ।
ਨਾ ਕੋਈ ਗਲੇ ਨੂੰ ਹਾਰ ਨਾ ਲਾਡ-ਚਾਓ, ਸਾਨੂੰ ਸਹੁਰੜਾ ਮੂਲ ਨਾ ਭਾਂਵਦਾ ਈ।
ਚਾਰ ਦਿਨਾਂ ਵਿੱਚ ਪੇਕੇ ਦੇ ਚਾਅ ਲੱਥੇ, ਕਿਹਾ—ਲੈ ਜੋ ਪੰਚਾਇਤੀਓ ਆਣ ਕੇ ਵੇ!
ਧੀਆਂ ਵੱਸਦੀਆਂ ਸਹੁਰੀਂ ਹੀ ਚੰਗੀਆਂ ਨੇ, ਮੈਨੂੰ ਰੱਖ ਲਓ ਨਿੱਕੜੀ ਜਾਣ ਕੇ ਵੇ !!

'ਇੱਕੋ ਇੱਕ ਹੈ ਆਸ ਦੀ ਕਿਰਨ ਬਾਦਲ', ਉਮਰਾਨੰਗਲ ਨੇ ਨਵਾਂ ਬਿਆਨ ਦਿੱਤਾ!
ਝੋਨਾ ਅਕਲ ਦਾ ਝਾੜ ਲੈ ਗਏ ਸ਼ੈਲੱਰ, ਬੁੱਢੇ-ਵਾਰੇ ਕੀ ਰੱਬ ਗਿਆਨ ਦਿੱਤਾ !
ਉਮਰ ਨੰਗਲੀਆਂ ਮਾਰਦੇ ਉਮਰ ਲੰਘੀ, ਕਿਸੇ ਭੋਰਾ ਵੀ ਨਹੀਂਓਂ ਧਿਆਨ ਦਿੱਤਾ।
ਸੰਢੇ ਵਾਹ ਵਜ਼ੀਰੀਆਂ ਲੱਭੀਆਂ ਸੂ, ਵੇਖੋ ਬਾਦਲ ਨੇ ਮਾਨ-ਸਨਮਾਨ ਦਿੱਤਾ।
ਚੂਲਾਂ ਹਿੱਲੀਆਂ, ਨੈਣ-ਪ੍ਰਾਣ ਹਾਰੇ, ਲੋਕੀਂ ਲੱਭਦੇ ਅਜੇ ਵਜ਼ੀਰੀਆਂ ਨੂੰ !



ਵਕਤ ਲੰਘੇ ਤੋਂ ਪੰਥ ਦੀ ਕੋਹੜ-ਕਿਰਲੀ, ਜੱਫ਼ੇ ਮਾਰਦੀ ਪਈ ਸ਼ਤੀਰੀਆਂ ਨੂੰ !!

ਹਿੰਦੁਸਤਾਨ ਵਿੱਚ ਰੋਜ਼ ਅਫ਼ਵਾਹ ਉੱਡੇ, ਕਿਧਰੇ ਗੋਲੀ ਚਲਾਈ ਤਾਂ ਖਾਲਸੇ ਨੇ।
ਕੋਈ ਬੰਬ ਚਲਾਇਆ ਉਹ ਖਾਲਸੇ ਨੇ, ਕੋਈ ਬੱਸ ਜਲਾਈ ਤਾਂ ਖਾਲਸੇ ਨੇ।
ਜੇਕਰ ਪੂਰਾ ਵਗਾਇਆ ਉਹ ਖਾਲਸੇ ਨੇ ਜੇਕਰ ਪੱਛੋਂ ਵਗਾਈ ਤਾਂ ਖਾਲਸੇ ਨੇ।
ਕੋਈ ਨਹੀਂ ਸਬੂਤ-ਪਰੂਫ਼ ਇਹਦਾ ਜਿਹੜੀ ਕੱਟੀ ਚੁੰਘਾਈ ਤਾਂ ਖਾਲਸੇ ਨੇ।
ਮਾੜਾ ਖਾਲਸੇ ਕੋਈ ਨਾ ਕਰਮ ਕੀਤਾ ਚੰਗੀ ਭਲੀ ਇਹ ਮੀਸਣੀ ਜਾਣਦੀ ਏ।
ਵੇਖੋ ਦਿੱਲੀ ਨੂੰ ਵਹਿਮ ਦਾ ਢਿੱਡ ਹੋਇਆ ਵਿੱਚੋਂ ਨਿਤ ਪੰਜੀਰੀਆਂ ਖਾਣਦੀ ਏ।

ਵੇਖੋ ਟੌਹੜੇ ਦਾ ਹੋਇਆ ਸਤਿਕਾਰ ਕਿੰਨਾ ਰੋਕੀ ਮੁੰਡਿਆਂ ਨੇ ਓਸਦੀ ਕਾਰ ਵਾਰੀ।
ਲੈ ਕੇ ਜੱਫ਼ੀ ਵਿੱਚ ਘੁੱਟਿਓ ਸੱਤ ਵੇਰੀਂ ਕੀਤਾ ਰੱਜ ਕੇ ਕਿੰਨਾ ਪਿਆਰ ਵਾਰੀ।
ਹਾਸੇ ਹਾਸੇ ਵਿੱਚ ਗਲੇ ਘਰੂਟ ਵੱਜੇ ਲੱਥੀ ਸੀਸ ਤੋਂ ਸੋਹਣੀ ਦਸਤਾਰ ਵਾਰੀ।
ਪੱਗ ਬੰਨ੍ਹਦਿਆਂ ਹੱਸ ਉਚਾਰਿਓ ਨੇ ਧੰਨ ਤੁਸੀਂ ਤੇ ਧੰਨ ਸਤਿਕਾਰ ਵਾਰੀ।
ਜੰਮ ਜੰਮ ਕਰੋ ਏਦਾਂ ਭਾਵੇਂ ਲੱਖ ਵੇਰੀ ਗੱਲ ਇੱਕ ਪਰ ਕਦੇ ਚਿਤਾਰਿਓ ਨਾ !
ਸੱਟਾਂ ਸਾਰੀਆਂ ਸਹਿਲਾਂਗਾ ਹੱਸ ਕੇ ਮੈਂ ਕੁਰਸੀ ਖੋਹਣ ਦੀ ਸੱਟ ਇੱਕ ਮਾਰਿਓ ਨਾ!!

'ਜਾਗੋ' (ਜੁਲਾਈ, 1985)

## 6.

ਸੌਣ ਭਾਦਰੋਂ ਦੀ ਲੰਬੀ ਝੜੀ ਲੱਗੀ, ਕੰਮ ਦੇਸ਼-ਉਸਾਰੀ ਦਾ ਠੱਪ ਸਮਝੋ।
ਸੇਪੀ ਟੁੱਟਣੀ ਜ਼ੈਲ-ਰਾਜੀਵ ਵਾਲੀ, ਘੁਸਰ-ਮੁਸਰੀਆਂ ਮੂਲ ਨਾ ਗੱਪ ਸਮਝੋ।
ਲੈਂਟਰ ਪੈਣਾ ਰਿਪੇਅਰ ਨਾ ਦੋਸਤੀ ਦਾ, ਸੀਮੈਂਟ ਦੀ ਇੱਕ ਨਾ ਲੱਪ ਸਮਝੋ।
ਕੰਮ ਨਿਕਲਦਿਆਂ ਸੰਦ ਚੁਕਾਇ ਦਿੰਦੇ, ਬੁਰਕੀ ਸਾਂਝੀ ਸੀ ਪੈ ਗਈ ਖੱਪ ਸਮਝੋ।
ਰੰਦਾ ਫੇਰ ਕੇ ਪੰਥ ਨੂੰ ਛਿੱਲਿਓ ਸੂ, ਵੇਖੋ ਮੰਜੀਆਂ ਹੁਣ ਕੀਹਦੀਆਂ ਠੁਕਦੀਆਂ ਨੇ!
ਹੱਡਾ-ਰੋੜੀ ਸਿਆਸਤ ਦੀ ਖੇਡ ਸਾਰੀ, ਲੱਗੀਆਂ ਟੁੱਟਦੀਆਂ ਹੱਡੀਆਂ ਮੁੱਕਦੀਆਂ ਨੇ!!

ਦਿਤੀ ਟੌਹੜੇ ਨੇ ਨਵੀਂ ਵਿੱਚਾਰਧਾਰਾ—ਕੀ ਉਹ ਲੀਡਰ ਜਿਸ ਕੌਮ ਨੂੰ ਚਾਰਿਆ ਨਾ?
ਬੇੜਾ ਕੌਮ ਦਾ ਡੋਬ ਕੇ ਵਾਂਗ ਮੇਰੇ ਬੇੜਾ ਆਪਣਾ ਹੀ ਜਿਸ ਨੇ ਤਾਰਿਆ ਨਾ।
ਜਾਨਾਂ ਵਾਰਦੇ ਮੂਰਖ ਨੇ ਕੌਮ ਖਾਤਰ ਮੈਂ ਤਾਂ ਕੁੜਤਾ ਵੀ ਕੌਮ ਤੋਂ ਵਾਰਿਆ ਨਾ।
ਅੱਗ ਲਾਈ ਤੇ ਕੰਧ ਤੇ ਜਾਇ ਚੜ੍ਹਿਆ ਭੋਲੀ ਕੌਮ ਨੇ ਭੋਰਾ ਵਿਚਾਰਿਆ ਨਾ।
ਕਾਮਰੇਡ ਹਾਂ ! ਨਾਲੇ ਸਰਕਾਰੀਆ ਵੀ !! ਫੁੰਡ ਦਿੱਤਾ ਮੈਂ ਕੌਮ ਦੇ ਮਾਲੀਆਂ ਨੂੰ!

ਇਹ ਜੋ ਗੱਤਕਾ ਪੰਥ ਵਿੱਚ ਰੋਜ਼ ਚੱਲੇ, ਮੇਰੀ ਦੇਣ ਹੈ ਇੱਕੋ ਅਕਾਲੀਆਂ ਨੂੰ!

ਅੱਜ ਕੱਲ੍ਹ ਬੋਲਦੀ ਪਈ ਅਕਾਸ਼ਬਾਣੀ-ਟੌਹੜਾ ਚੰਗਾ ਤੇ ਲੌਂਗੋਵਾਲ ਚੰਗਾ।
ਦੂਰ-ਦਰਸ਼ਨ ਤੇ ਮੂਰਤਾਂ ਆਉਂਦੀਆਂ ਨੇ ਵਿੱਚ ਪੇਪਰਾਂ ਹਾਲ-ਹਵਾਲ ਚੰਗਾ।
'ਕੋਠੀ ਲੈਣ ਲਈ' ਮਾਰਦਾ ਰੋਜ਼ ਗੇੜੇ ਹੈ ਸਰਕਾਰ ਦਾ ਟੌਹੜਾ ਖ਼ਿਆਲ ਚੰਗਾ।
ਗਾਂਧੀ ਹੱਸਦਾ ਤੇ ਨਾਲੇ ਆਖਦਾ ਹੈ— 'ਲੌਂਗੋਵਾਲ ਦਾ ਬੜਾ ਖਿਆਲ ਚੰਗਾ'।
ਕੁੱਤੀਆਂ ਰਲਣ ਇਹ ਚੋਰਾਂ ਦੇ ਨਾਲ ਕਾਹਤੋਂ? ਸੰਗਤਾਂ ਅੰਦਰੋਂ ਲੂਰ੍ਹੀਆਂ ਲੈਂਦੀਆਂ ਨੇ।
ਐਪਰ ਧੰਨ ਨੇ ਸ਼ਰਮ-ਪਰੂਫ਼ ਢੂਹੀਆਂ ਵਿਸਰ ਜਾਂਦੀਆਂ ਜਿਹੜੀਆਂ ਪੈਂਦੀਆਂ ਨੇ !!

ਭੂਆ ਭੈਣ ਭਤੀਜੀ ਤੇ ਮਾਂ ਕੁਰਸੀ ਕੁਰਸੀ ਨਾਲ ਹੀ ਲੀਡਰ ਵਿਆਹੇ ਜਾਂਦੇ।
ਕੁਰਸੀ ਮਿਲਦਿਆਂ ਮੋਇਆਂ ਵਿੱਚ ਜਾਨ ਪੈਂਦੀ ਕੁਰਸੀ ਛੁੱਟਦਿਆਂ ਲੀਡਰ ਦਫ਼ਨਾਏ ਜਾਂਦੇ।
ਕੁਰਸੀ ਚੋਗਾ ਹੈ ਇਹਨਾਂ ਕਬੂਤਰਾਂ ਦਾ ਕੁਰਸੀ ਦਿਸਦਿਆਂ ਝੱਟ ਭਰਮਾਏ ਜਾਂਦੇ।
ਪੱਟੀ ਜਿਵੇਂ ਘਲਾੜ੍ਹੀ ਤੋਂ ਰੋਣ ਕੁੱਤੇ ਕੁਰਸੀ ਗਿਆਂ ਨਾ ਲੀਡਰ ਵਰਾਏ ਜਾਂਦੇ।
ਰੜੇ ਮਾਰ ਕੇ ਕੌਮ ਨੂੰ ਕੱਲ੍ਹ ਜਿਹੜੇ ਦੜੇ ਬੈਠੇ ਸਨ ਚੋਰ ਦੀ ਰੰਨ ਵਾਂਗੂੰ।
ਗੱਲ ਚੋਣ ਦੀ ਥੋੜ੍ਹੀ ਜਿਹੀ ਤੁਰਨ ਲੱਗੀ ਨਿਕਲ ਪਏ ਦਹੇਜੂ ਦੀ ਜੰਨ ਵਾਂਗੂੰ!!

'ਜਾਗੋ' (ਅਗਸਤ, 1985)

## 7.

### ਵਜ਼ੀਰ

ਦਲ ਬਦਲੀ ਨੇ ਕਿੰਨਾ ਵੇਖੋ ਪੈਂਡਾ ਦਿੱਤਾ ਚੀਰ !
ਰਗੜਾ ਸਿੰਘ ਜੀ ਰਾਤੋ-ਰਾਤੀਂ ਬਣ ਗਏ ਕਿਵੇਂ ਵਜ਼ੀਰ !!

ਸਿੱਖੀ ਪੱਗ ਤੇ ਦਸਖਤ ਕਰਨੇ ਟੈਲੀਫ਼ੋਨ ਵੀ ਕਰਨਾ।
ਰੱਖ ਟਿਊਸ਼ਨ ਔਖੇ-ਸੌਖੇ ਸਿੱਖ ਲਈ ਤਕਰੀਰ।!

ਨਸ਼ਾਬੰਦੀ ਦਾ ਭਾਸ਼ਣ ਕਰਕੇ ਸ਼ਾਮੀਂ ਵਿਸਕੀ ਪੀਣੀਂ,
ਭੋਰਾ ਭਾਰ ਰਹੇ ਨਾ ਮਨ ਤੇ ਹੌਲਾ ਫੁੱਲ ਸਰੀਰ।!

ਜੋ ਕੁਝ ਬਣਦਾ ਹੁਣੇ ਬਣਾਲੋ ਪਾ ਲੋ ਭਾਈ ਮੋਛੇ !



ਕੱਲ੍ਹ ਦਾ ਕੀ ਭਰਵਾਸਾ ਮਿੱਤਰਾ? ਕਹਿ ਗਏ ਭਗਤ ਕਬੀਰ !!

## 8

### ਸਿਆਸਤਦਾਨ

ਗੌਰਮਿੰਟ ਜੋ ਮਿੰਟ ਮਿੰਟ ਤੇ ਕਰਦੀ ਰਹਿੰਦੀ ਗ਼ੌਰ !
ਜਿਸਦੀ ਖਾਤਰ ਨੇਤਾ ਜੀ ਭੰਨਵਾਉਂਦੇ ਨਿਸਦਿਨ ਮੌਰ !!

ਪੈਰੀਂ ਪੱਗਾਂ ਮਿੰਨਤਾਂ-ਤਰਲੇ ਬਾਪ ਗਧੇ ਨੂੰ ਕਹਿਣਾ,
ਹੱਥ ਲਾਉਣਾ ਵੋਟਰ ਦੇ ਪੈਰੀਂ ਸਿਰ ਤੇ ਕਰਨਾ ਚੌਰ।

ਚੋਣ ਨੇੜੇ ਤਾਂ ਪੈਰ-ਪੈਰ ਤੇ ਜਾਣਾ ਦੇਣ ਵਧਾਈ,
ਵੋਟਰ ਦੀ ਗਾਂ ਵੱਛਾ ਦੇਵੇ, ਬੱਕਰੀ ਜਾਵੇ ਸੌਰ !

ਚੋਣ ਜਿੱਤੀ ਤਾਂ ਮਾਰ ਉਡਾਰੀ ਚੰਡੀਗੜ੍ਹ ਜਾ ਵੜਨਾ,
ਰੇਲੂ ਰੇਲਾ ਰਾਮ ਬਣੇ ਤੇ ਬਦਲ ਜਾਂਵਦੇ ਤੌਰ !

ਹਲਕੇ ਵਿੱਚ ਕੀ ਕੱਟਾ ਬੰਨ੍ਹਿਐ? ਮੱਲੀਏ ਚੱਲ ਫਲੈਟ,
ਪੁੱਤ ਲ~ਗਦੈ ਹੁਣ ਵੋਟਰ ਸਾਡਾ? ਉੱਕਾ ਚਿੜੀ ਜਨੌਰ !!

'ਜਾਗੋ' (ਸਤੰਬਰ, 1985)

## 9.

ਪਹਿਰੇਦਾਰ ਬਰਨਾਲੇ ਨੂੰ ਘੇਰਿਓ ਸੂ, ਘੇਰੀ ਹੀਰ ਜਿਉਂ ਸੱਠ ਸਹੇਲੀਆਂ ਨੇ।
ਚਾਕ-ਪੰਥ ਨੂੰ ਕੰਡ ਵਿਖਾਇ ਦਿੱਤੀ, ਮੱਝਾਂ ਚਾਰ ਜਿਸ ਮੁਸ਼ਕਲਾਂ ਝੇਲੀਆਂ ਨੇ।
ਸੈਦਾ ਦਿੱਲੀ ਦਾ ਛਮਕ ਨੂੰ ਵਿਆਹ ਤੁਰਿਆ, ਗੱਲਾਂ ਖੁੱਲ੍ਹੀਆਂ, ਨਹੀਂ ਪਹੇਲੀਆਂ ਨੇ।
ਕੁਰਸੀ ਸੇਜ ਨੂੰ ਮਾਨਣ ਦੀ ਤਮ੍ਹਾਂ ਜਾਗੀ ਰੰਨ ਕੀਤੀਆਂ ਖ਼ੂਬ ਅਠਖੇਲੀਆਂ ਨੇ।
ਭਿੰਡਰਾਂਵਾਲੇ ਦੇ ਟਿੱਲਿਓਂ ਛੱਕ ਅੰਮ੍ਰਿਤ ਚਾਕ-ਪੰਥ ਤਿਆਰੀਆਂ ਕੱਸੀਆਂ ਨੇ।
ਜਿਹੜੀਆਂ ਰਾਂਝਣਾਂ ਨੂੰ ਦਗ਼ਾ ਦੇਂਦੀਆਂ ਨੇ ਕੰਵਲ ਰੰਨਾਂ ਉਹ ਕਦੇ ਨ ਵੱਸੀਆਂ ਨੇ !!

ਟੌਹੜੇ ਆਖਿਆ ਬਾਦਲ ਰਕੀਬ ਮੇਰੇ ਗਲੇ ਲੱਗ ਜਾ, ਲੱਗ ਕੇ ਰੋ ਲਈਏ।
ਦਿਲ ਕਾਲੇ ਜੋ ਹੋਏ ਨੇ ਤਵੇ ਵਾਂਗੂੰ ਪਾ ਕੇ ਸਰਫ਼ ਮੁਹੱਬਤ ਦਾ ਧੋ ਲਈਏ।

ਗਾਂਓ-ਲੀਡਰੀ ਮਾਰ ਕੇ ਛੜਾਂ ਨੱਠੀ ਪਾਈਏ ਐਸਾ ਨਿਆਣਾ ਕਿ ਚੋ ਲਈਏ।
ਮੰਜ਼ਿਲ ਆਪਣੀ ਦੋਹਾਂ ਦੀ ਇੱਕ ਕੁਰਸੀ ਕੀਹਨੂੰ ਸੁੱਟਿਆਂ ਮਿਲੇ ਕਨਸੋਅ ਲਈਏ।
ਅਸੀਂ ਅਜੇ ਵੀ ਕੀਤੀ ਨਾ ਏਕਤਾ ਜੇ ਸਾਡਾ ਦੋਹਾਂ ਦਾ ਕੰਮ ਗੁਲਕੰਦ ਹੋ ਜੂ।
ਤੈਨੂੰ ਚੰਡੀਗੜ੍ਹ ਜਾਣਾ ਦੁਰਲੱਭ ਹੋ ਜੂ ਮੇਰਾ ਅੰਬਰਸਰ ਨਾਹੁਣਾ ਵੀ ਬੰਦ ਹੋ ਜੂ!!

ਦੇ ਕੇ ਗਾਂਧੀ ਨੇ ਬੁਲਿਟ-ਪਰੂਫ਼ ਜਾਕਟ ਕਿਹਾ-ਸੰਤ ਜੀ! ਇਹ ਸਵੀਕਾਰ ਕਰਿਓ।
ਦੋ ਗਿਰੇ ਹੈ ਗੋਗੜ ਤੋਂ ਇਹ ਨੀਵੀਂ ਕੰਮ ਆਵੇਗੀ, ਮੇਰਾ ਇਤਬਾਰ ਕਰਿਓ !
ਇਹਨੂੰ ਪਹਿਨ ਕੇ ਦਿਓ ਪੰਜਾਬ ਗੇੜਾ ਤੇ ਸਮਝੌਤੇ ਦਾ ਸੋਹਣਾ ਪਰਚਾਰ ਕਰਿਓ।
ਹੋਰ ਕਿੰਨੀਆਂ ਪੰਥ ਨੂੰ ਚਾਹੀਦੀਆਂ ਨੇ? ਬਹਿ ਕੇ ਪਾਰਟੀ ਵਿੱਚ ਵਿੱਚਾਰ ਕਰਿਓ।
ਹੁਣ ਤਾਂ ਛੇਤੀ ਵਿੱਚ ਸਰੀ ਹੈ ਇਹੀ ਜਾਕਟ ਆਏ ਫੇਰ, ਉਲਾਂਭੇ ਸਭ ਲਾਹ ਦਿਆਂਗੇ!
ਖ਼ਬਰੇ ਗੋਲੀਆਂ ਕਿੱਧਰ ਨੂੰ ਆਉਂਦੀਆਂ ਨੇ? ਨਾਲੇ ਇੱਕ ਕਛਹਿਰਾ ਬਣਵਾ ਦਿਆਂਗੇ!!

ਪਾਰਲੀਮੈਂਟ ਦੀ ਮੈਂਬਰੀ ਘਿਓ ਵਰਗੀ ਟੌਹੜੇ ਛੱਡੀ ਨਾ ਪੰਥ ਪੁਕਾਰਿਆ ਜਦ।
ਹਵਸ ਲੀਡਰੀ ਦੀ ਨਾ ਹੋਈ ਠੰਢੀ ਜੱਫ਼ਾ ਨਾਲ ਕਮੇਟੀ ਨੂੰ ਮਾਰਿਆ ਜਦ।
ਅੱਖਾਂ ਨਾਲ ਪਤਾਸੜੇ ਸਦਾ ਭੋਰੇ ਫ਼ੌਜ ਸੱਦ ਕੇ ਕੌਮ ਨੂੰ ਮਾਰਿਆ ਜਦ।
ਟਿਕਟ ਲੈਣ ਤੋਂ ਕਰੀ ਹੁਣ ਆਪ ਤੌਬਾ ਅੱਗਾ ਨੇੜ ਹੁਣ ਆਇਆ ਵਿਚਾਰਿਆ ਜਦ।
ਖ਼ੁੱਸੀ ਮੈਂਬਰੀ, ਦਿੱਲੀ ਵੱਲ ਮੂੰਹ ਕਰਕੇ ਸੁਰਮਾਂ ਅੱਖਾਂ ਦਾ ਰੋਇ ਪਲੱਟਿਆ ਈ !
ਮੈਨੂੰ ਮਾਰਿਆ ਹਾਏ ! ਸ਼ੈਤਾਨੀਏਂ ਨੀਂ!! ਤੇਰੇ ਨਾਲ ਮੈਂ ਪੰਥ ਨੂੰ ਪੱਟਿਆ ਈ !!!

ਲੱਗਾ ਪਤਾ ਬਰਨਾਲਾ ਪ੍ਰਧਾਨ ਬਣਿਆ ਹੱਸ ਸ਼ਾਇਰ ਨੇ ਕਿਹਾ—ਵਧਾਈ ਹੋਵੇ !
'ਪੰਥ ਸੇਵਾ' ਦੀ ਰੱਜ ਕੇ ਖੀਰ ਖਾਧੀ ਇਹ ਇੱਕ ਤੁਸਾਂ ਨੂੰ ਦੰਦ-ਘਸਾਈ ਹੋਵੇ !
ਸੰਗਤਾਂ ਰਾਹਾਂ ਨੂੰ ਮੱਲ ਕੇ ਹੋਣ ਖੜੀਆਂ ਜੁੱਤੀ ਸਭਨਾਂ ਸਤਕਾਰ ਸੰਗ ਲਾਹੀ ਹੋਵੇ!
ਹਾਰ ਗਲੇ ਵਿੱਚ ਇਹੋ ਜਿਹੇ ਪੈਣ ਥੋਡੇ ਨੀਂਵੀਂ ਪਾਈ ਤੇ ਅੱਖ ਸ਼ਰਮਾਈ ਹੋਵੇ !
ਜਿਹੜੇ ਤੁਸਾਂ-ਵਤ ਪੰਥ ਕੀ ਕਰਨ ਸੇਵਾ ਪੰਥ ਉਹਨਾਂ ਦਾ ਕਰੇ ਸਨਮਾਨ ਸੋਹਣਾ !
ਗੋਲੀ ਏਸ ਦੀ ਜ਼ਹਿਮਤਾਂ ਕੱਟਦੀ ਏ ਪੰਥ ਗੁਰੂ ਕਾ ਨਿਰਾ ਲੁਕਮਾਨ ਸੋਹਣਾ !!

'ਜਾਗੋ' (ਅਕਤੂਬਰ, 1985)



## 10.

ਇੱਕ ਦਿਨ ਬਾਦਲ ਬੱਤਾ ਪੀਵੇ ਮੁਕਸਰ ਵਿੱਚ ਬਜ਼ਾਰ !
ਮੂੰਹ ਵਿੱਚ ਉਂਗਲਾਂ ਪਾ ਪਾ ਦੇਖੇ ਭੀੜ 'ਚ ਪੱਤਰਕਾਰ।
ਭੀੜ 'ਚ ਪੱਤਰਕਾਰ ਕਰੇ ਇਹ ਲੇਖਾ-ਜੋਖਾ।
ਢਿੱਡ ਤੇ ਭਰਿਆ ਚੂੰਢ ਮਤੇ ਇਹ ਹੋਏ ਭੁਲੇਖਾ।
ਕਹੈ ਮੁਗਧਰ ਕਵੀਰਾਇ ਲੀਡਰੀ ਕਾਰ ਚੜ੍ਹਾਵੇ।
ਛੁੱਟ ਜਾਏ ਹੱਥੋਂ ਪੂਛ ਟੈਰਾਂ ਵਿੱਚ ਲੰਮਾ ਪਾਵੇ !

ਕਾਮਰੇਡ ਦੇ ਪੈਰੀਂ ਪੈ ਕੇ ਆਖੇ ਜਥੇਦਾਰ !
ਕਰੋ ਡਰਾਫਟ ਰੇਜ਼ੂਲੂਸ਼ਨ ਇੱਕ ਮੇਰੀ ਸਰਕਾਰ !!
ਇੱਕ ਮੇਰੀ ਸਰਕਾਰ ਹੋਰ ਵੀ ਬਣਤ ਬਣਾਓ।
ਅਧਿਕਾਰਾਂ ਦੀ ਗੱਲ ਜਰਾ ਚੰਗੂ ਸਮਝਾਓ।
ਕਹੈ ਮੁਗਧਰ ਕਵੀਰਾਇ ਕੌਮ ਵਿੱਚ ਪਏ ਹੈਰਾਨੀ !
ਹੋਰ ਨਾ ਲੀਡਰ ਫੇਰ ਮੇਰਾ ਕੋਈ ਦਿਸੇ ਸਾਨੀ!!

ਗੁਰ ਕੀ ਗੋਲਕ ਦੇ ਹਾਂ ਸੱਚੇ ਦਿਲ ਤੋਂ ਪਹਿਰੇਦਾਰ।
ਅੱਖ ਪੱਟ ਕੇ ਇਸ ਵੱਲ ਕਿਹੜਾ ਸਕਦਾ ਭਲਾ ਨਿਹਾਰ?
ਸਕਦਾ ਭਲਾ ਨਿਹਾਰ ਛਕਾਈਏ ਝਬਦੇ ਚ੍ਹਾਟਾ।
ਇਸ ਸੇਵਾ ਦੇ ਬਦਲੇ ਪੂਰਾ ਕਰੀਏ ਘਾਟਾ।
ਕਹੈ ਮੁਗਧਰ ਕਵੀਰਾਇ ਵਜਾਈ ਐਸੀ ਢੋਲਕ !
ਪਤਾ ਨਾ ਲੱਗਿਆ ਕਦੋਂ ਗੁਰੂ ਕੀ ਲੁੱਟ ਗਈ ਗੋਲਕ !!

ਕਾਮਰੇਡ ਜੀ ਨਿਕਲ ਕਪਾਹ 'ਚੋਂ ਪੁਲਸ ਵੇਖ ਕੇ ਭੱਜੇ !
ਅੱਧੇ ਖੱਬੇ ਪਾਸੇ ਮੁੜ ਗਏ ਅੱਧੇ ਮੁੜ ਗਏ ਸੱਜੇ !!
ਅੱਧੇ ਮੁੜ ਗਏ ਸੱਜੇ ਕਿਹਾ ਜਿਨ-ਇੰਦਰਾ ਭੈਣੇ !
ਹਾਸੇ ਹਾਸੇ ਦੇ ਵਿੱਚ ਐਵੇਂ ਹੋ ਗਏ ਠੈਣੇ !!
ਕਹੈ ਮੁਗਧਰ ਕਵੀਰਾਇ ਆਪ ਹੋ ਅੱਡੋ-ਅੱਡੀ !

ਮਿਹਨਤ-ਕਸ਼ਾਂ ਨੂੰ ਇੱਕ ਕਰਨ ਦੀ ਗੱਲ ਨਾ ਛੱਡੀ !!

ਮਸਤ ਚਾਲ ਤੇ ਮਿੱਠੀ ਬਾਣੀ ਅਹੁ ਜਾਂਦੇ ਪਰਧਾਨ !
ਨੈਣ ਦੀਵਾਨੇ ਤੇ ਮਸਤਾਨੇ ਮੰਦ-ਮੰਦ ਮੁਸਕਾਨ !!
ਮੰਦ-ਮੰਦ ਮੁਸਕਾਨ ਮੋਢੇ ਤੇ ਬਾਂਹ ਉਲਾਰਨ।
ਨਾਲ ਚਾਲ ਦੇ ਖੜ੍ਹਾ-ਖੜੋਤਾ ਵਰਕਰ ਮਾਰਨ।
ਕਹੈ ਮੁਗਧਰ ਕਵਿਰਾਇ ਸੁਣਹੁ ਭਾਈ ਮੀਤ ਪਿਆਰੇ !
ਦੁਰ-ਫਿੱਟੇ ਮੂੰਹ ਲੀਡਰ ਦੇ ਜੋ ਵਰਕਰ ਚਾਰੇ !!

'ਜਾਗੋ' (ਨਵੰਬਰ, 1985)

## 11.

**ਕਲਾਮ ਰਾਂਝਾ**

ਡਿੱਠਾ ਖ਼ਾਬ ਅੰਦਰ, ਕਿਹਾ ਰਾਂਝਣੇ ਨੇ ਮੈਨੂੰ ਰੜੇ-ਪਟੱਕ ਨਾ ਮਾਰ ਹੀਰੇ !
ਬਾਰਾਂ ਵਰ੍ਹੇ ਲਵੇਰੀਆਂ ਚਾਰੀਆਂ ਨੇ ਚੁੰਘੀ ਇੱਕ ਨਾ ਚੋਰੀ ਦੀ ਧਾਰ ਹੀਰੇ।
ਸਿਨਮਾ ਦੇਖਿਆਂ ਮੁੱਦਤਾਂ ਗੁਜ਼ਰ ਗਈਆਂ ਅੱਖੀਂ ਦੇਖੀ ਨਾ ਕਦੇ ਅਖ਼ਬਾਰ ਹੀਰੇ।
ਲ੍ਹੂਲਰ ਲਾਇਆ ਕੀ ਚੂਰੀਆਂ ਕੁੱਟਕੇ ਤੂੰ ਏਦੂੰ ਚੰਗਾ ਸੀ ਅੰਬ-ਅਚਾਰ ਹੀਰੇ।
ਤੇਰੇ ਟੌਹੜੇ ਦੇ ਵਾਂਗ ਬਿਆਨ ਦੀਂਹਦੇ ਦੋਹ-ਦੋਹ ਬੇੜੀਏਂ ਹੋਵੇਂ ਅਸਵਾਰ ਮੁਈਏ!
ਨਾਲੇ ਡੁਬੇਂਗੀ ਡੋਬੇਂਗੀ ਨਾਲ ਮੈਨੂੰ ਭੰਡੀ ਪਵੇਗੀ ਵਿੱਚ ਸੰਸਾਰ ਮੁਈਏ !!

**ਕਲਾਮ ਹੀਰ**

ਹੀਰ ਆਖਿਆ ਰਾਂਝਣਾ ਝਾਂਵਿਆਂ ਵੇ ਐਵੇਂ ਜਗਤ-ਨਰੈਣੀਆਂ ਭੋਰ ਨਾਹੀਂ।
ਟੌਹੜੇ ਨਾਲ ਤਸ਼ਬੀਹਾਂ ਨਾ ਦੇਹ ਮੈਨੂੰ ਉਹਦੇ ਨਾਲਦੀ ਮੈਂਡੜੀ ਤੋਰ ਨਾਹੀਂ।
ਚੌਧਰ-ਚਾਤੁਰੀ ਤੇਰੇ ਤੋਂ ਘੋਲ ਘੱਤੀ ਵੇ ਮੈਂ ਮੋਹ ਦੀ ਗੋਲਕ ਦੀ ਚੋਰ ਨਾਹੀਂ।
ਬਾਦਲ ਵਾਂਗ ਪਲਟ ਨਾ ਨੀਰ ਨੈਣੋਂ ਮੂੰਹ ਵਿੱਚ ਹੋਰ ਤੇ ਮੇਰੇ ਮਨ ਹੋਰ ਨਾਹੀਂ।
ਮੇਰਾ ਦੀਨ-ਈਮਾਨ ਧਨ-ਮਾਲ ਤੂੰਹੀਂ ਖੜੀ ਮਰਾਂ ਜੇ ਤੇਰੇ ਤੋਂ ਮੁੱਖ ਮੋੜਾਂ !
ਟੁੱਟ ਜਾਵੇ ਪ੍ਰਧਾਨਗੀ ਅੱਧ ਵਿੱਚੋਂ ਤੇਰੇ ਬਾਝ ਫਰੈਂਡ ਜੇ ਹੋਰ ਲੋੜਾਂ !!



**ਕਲਾਮ ਰਾਂਝਾ**

ਮੱਥਾ ਪਟਕ ਕੇ ਆਤਮਾ ਸਿੰਘ ਵਾਂਗੂੰ ਕਿਹਾ ਰਾਂਝਣ-ਨਾ ਆਵੇ ਯਕੀਨ ਹੀਰੇ।
ਲੀਡਰ ਅਤੇ ਮਾਸ਼ੂਕ ਇਤਬਾਰ ਨਾਹੀਂ ਦੋਵੇਂ ਜੁਰਮ ਇਹ ਕਰਨ ਸੰਗੀਨ ਹੀਰੇ।
ਭੰਨਿਆ ਇਹਨਾਂ ਦਾ ਸ਼ਖਸ ਨਾ ਕੋਈ ਉੱਠੇ ਭਾਵੇਂ ਚਾਰੀਏ ਘਿਉ ਦਾ ਟੀਨ ਹੀਰੇ।
ਅਰਜ਼ ਵਫ਼ਾ ਦੀ ਲੀਡਰ ਮਾਸ਼ੂਕ ਕੋਲੋਂ ਮੱਝ ਅੱਗੇ ਵਜਾਵਣੀ ਬੀਨ ਹੀਰੇ।
ਮੈਨੂੰ, ਸੈਦੇ ਨੂੰ ਲੀਡਰਾਂ ਵਾਂਗ ਚਾਰੇਂ ਭੱਠਾ ਦੋਹਾਂ ਦਾ ਗੁੱਲ ਕਰਵਾਏਂਗੀ ਨੀ !
ਅਸਾਂ ਦੋਹਾਂ ਹੀ ਸੰਤਾਂ ਨੂੰ ਟੌਹੜੀਏ ਨੀਂ ! ਦਾਓ ਲੱਗਿਆਂ ਕਦੇ ਮਰਵਾਏਂਗੀ ਨੀ!!

**ਕਲਾਮ ਹੀਰ**

ਸੁਣਕੇ ਹੀਰ ਨੇ ਘੋਟਣਾ ਹੱਥ ਫੜਿਆ ਵੱਟੀਆਂ ਵਾਂਗ ਡਿਸਾਈ ਦੇ ਘੂਰੀਆਂ ਨੇ।
ਭਾਸ਼ਣ ਝਾੜ ਨਸ਼ੌੜੀਆਂ ਚਾੜ੍ਹਦਾ ਏਂ ਜੱਟਾ ਦੁੱਧ ਵਿੱਚ ਰੋਟੀਆਂ ਚੂਰੀਆਂ ਨੇ ।
ਝਈਆਂ ਲਵੇਂ ਤਲਵੰਡੀ ਦੇ ਵਾਂਗ ਮੈਨੂੰ ਅੱਖਾਂ ਕੱਢੀਆਂ ਟੌਹੜਿਓਂ ਭੂਰੀਆਂ ਨੇ।
ਗੋਡੇ ਭਿੜਦੇ ਸਨ ਜਦੋਂ ਸੀ ਝੰਗ ਆਇਆ ਖਾ ਖਾ ਫਿੱਟ ਕੇ ਪਰਖੀਆਂ ਚੂਰੀਆਂ ਨੇ।
ਜੇ ਨਹੀਂ ਉੱਕਾ ਸਿਆਸਤ ਦੀ ਸਮਝ ਤੈਨੂੰ ਉੱਕਾ ਤੇਰਾ ਤੇ ਮੇਰਾ ਸਰਬੰਧ ਹੈ ਨਹੀਂ!
ਚੁੱਕ ਭੂਰੀ ਹਜ਼ਾਰੇ ਜਾਹ ਵਾਹ ਝੋਟੇ ਤੇਰੇ ਰਾਸ਼ਣ ਦਾ ਏਥੇ ਪਰਬੰਧ ਹੈ ਨਹੀਂ !!

**ਕਲਾਮ ਸ਼ਾਇਰ**

ਬਿਨਾਂ ਪਾਲਸ਼ ਤੇ ਕੱਪੜੇ ਪ੍ਰੈਸ ਕੀਤੇ ਰਾਂਝਾ ਉੱਠ ਤੁਰਿਆ ਬੇਲੇ ਵੱਲ ਯਾਰੋ।
ਅੰਦਰੋਂ ਫ਼ਿਕਰ ਬਰਨਾਲੇ ਦੇ ਵਾਂਗ ਖਾਵੇ ਬਾਹਰ ਸ਼ੂਕ ਡਰਾਂਵਦੇ ਝੱਲ ਯਾਰੋ।
ਨਾਲੇ ਰੋਂਵਦਾ ਨਾਲੇ ਪਛਤਾਂਵਦਾ ਏ ਸੁੱਕੀ ਕਾਹਤੋਂ ਲੁਹਾਈ ਸੂ ਖੱਲ ਯਾਰੋ।
ਪਾਲਿਟਿਕਸ 'ਚੋਂ ਕੋਠੀਆਂ ਲੋਕ ਪਾ ਗਏ ਖੱਟਿਆ ਅਸੀਂ ਕੀ ਇਸ਼ਕ ਚੋਂ ਟੱਲ ਯਾਰੋ?
ਦਿੰਦਾ ਫੇਰ ਸਮਝੌਤੀਆਂ ਆਪ ਨੂੰ ਹੀ-ਹੁੰਦੇ ਆਸ਼ਕ ਤਾਂ ਰੱਬ ਦਾ ਰੂਪ ਮੀਆਂ !
ਗੰਨੇ ਵਾਂਗਰਾਂ ਹੀਰ ਨੇ ਚੂਪਿਆ ਜਿਉਂ ਟੌਹੜਾ ਗਿਆ ਕਮੇਟੀ ਨੂੰ ਚੂਪ ਮੀਆਂ !!

'ਜਾਗੋ' (ਜਨਵਰੀ, 1986)

## 12.

ਚਿੱਟਾ ਬਾਣਾ ਮਿੱਠੀ ਬਾਣੀ ਮੰਦ-ਮੰਦ ਮੁਸਕਾਨ !
ਸੰਗਤ-ਮੋਹਣੇ ਪੰਥ-ਮਾਰਨੇ ਅਹੁ ਜਾਂਦੇ ਪਰਧਾਨ !!
ਅਹੁ ਜਾਂਦੇ ਪਰਧਾਨ ਭੋਰਦੇ ਅੱਖ ਪਤਾਸੇ।
ਜਦ ਦੀ ਕੁਰਸੀ ਮਿਲੀ ਤਦੋਂ ਦੇ ਰੰਗ ਤਮਾਸੇ।
ਕਹੇ ਮੁਗਧਰ ਕਵੀਰਾਇ ਅਜਬ ਹੈ ਉਸਦੀ ਲੀਲ੍ਹਾ !
ਮੱਕੀ ਗੁੱਡਦੇ ਆਣ ਮਾਂਜਿਆ ਪੰਥ-ਪਤੀਲਾ !!

ਹੇ ਸਤਿਗੁਰ ਜੀ ਕਰਾਂ ਬੇਨਤੀ ਬਣ ਜਾਵਾਂ ਪਰਧਾਨ !
ਕੁਰਸੀ ਕਾਰ ਮਿਲੇ ਹੇ ਦਾਤਾ ਨਿੱਤ ਨਿੱਤ ਛਪਣ ਬਿਆਨ।
ਨਿੱਤ ਨਿੱਤ ਛਪਣ ਬਿਆਨ ਹਉਮੈ ਨੂੰ ਪੈਸਣ ਪੱਠੇ।
ਟਰਕਾਵਾਂ ਦਿਨ ਰਾਤ ਲੋਕ ਫਿਰ ਆਵਣ ਨੱਠੇ।
ਕਹੇ ਮੁਗਧਰ ਕਵੀਰਾਇ ਪ੍ਰਭੂ ਇਹ ਕਰੋ ਜਤਨ ਜੀ !
ਬੁੱਧੀਮਾਨੀ ਹਾਂ ਪਾਸ ਬਣਾਓ 'ਪੰਥ-ਰਤਨ' ਜੀ !!

ਤਲਵੰਡੀ ਨੂੰ ਤੁੱਖਣਾ ਦੇ ਕੇ ਤੁੜ ਜੀ ਅਸੀਂ ਚਲਾਏ !
ਫੱਟਾ ਖਿੱਚਿਆ ਤਲਵੰਡੀ ਦਾ ਲੌਂਗੋਵਾਲ ਬੁਲਾਏ।
ਲੌਂਗੋਵਾਲ ਬੁਲਾਏ ਕਿਹਾ ਫਿਰ-ਇਹ ਹਨ ਠੰਢੇ।
ਤੁਸੀਂ ਬਣੋ ਜਰਨੈਲ ਸੰਤ ਜੀ ਚਾੜ੍ਹੋ ਝੰਡੇ।
ਕਹੇ ਮੁਗਧਰ ਕਵੀਰਾਇ ਸੰਤ ਪਾ ਗਏ ਸ਼ਹੀਦੀ !
ਰੜੇ ਮਾਰਤੀ ਕੌਮ ਜਿਉਂਦੇ ਮਰ ਗਏ ਗੀਦੀ !!

'ਅੰਗ-ਰੇਜੀ' ਵਿੱਚ ਦਸਖ਼ਤ ਕਰਨੇ ਸਿਖਲਾਓ ਅਬਿਨਾਸ਼ੀ !
ਮੁੱਖ-ਮੰਤਰੀ ਬਣਨੈਂ ਸਾਡੀ ਉਮਰ ਚਲੀ ਗਈ ਖਾਸੀ।
ਉਮਰ ਚਲੀ ਗਈ ਖਾਸੀ ਖਾਹਸ਼ ਨਾ ਮਨ ਵਿੱਚ ਰਹਿ ਜੇ।
ਧ੍ਰਿਗ ਜੰਮਣ ਹੈ ਸਾਡਾ ਬਾਦਲ ਟਿਕ ਜੇ ਬਹਿ ਜੇ।
ਕਹੇ ਮੁਗਧਰ ਕਵੀਰਾਇ ਮਾਰੀਏ ਕੋਈ ਘਚਾਨੀ !
ਕੁਰਸੀ ਮਿਲ ਜਾਏ ਹੋਰ, ਬੁੱਢੇ ਨੂੰ ਚੜ੍ਹੇ ਜਵਾਨੀ !!

'ਜਾਗੋ' (ਮਈ, 1986)



## 13.

ਢਿੱਲੋਂ ਕਿਹਾ ਰਾਜੀਵ ਹੈ ਅਜੇ ਕਾਕਾ ਦੁੱਧ ਚੁੰਘਣ ਦੀ ਅਜੇ ਵਰੇਸ ਇਹਦੀ।
ਰਾਜਨੀਤੀ ਦੀ ਗੱਲ ਨਾ ਮੂਲ ਜਾਣੇ ਕਰਨੀ ਸਾਥੀਆਂ ਨੇ ਪੱਟੀ ਮੇਸ ਇਹਦੀ।
ਕਾਣੀ ਕੌਡੀ ਨਾ ਅਸਾਂ ਦੀ ਕਦਰ ਪਾਈ ਕਦਰ ਕਰਦੇ ਰਹੇ ਅਸੀਂ ਦਰਵੇਸ ਇਹਦੀ।
ਗੁੱਡੀ ਚੜ੍ਹੀ ਦੀ ਡੋਰ ਨੂੰ ਕੱਟਿਆ ਈ ਸਾਨੂੰ ਭੁੱਲਣੀ ਮੂਲ ਨਾ ਠੇਸ ਇਹਦੀ।
ਮਾਊਂ ਏਸਦੀ ਦਹੀਂ ਨਾਲ ਟੁੱਕ ਦਿੱਤਾ ਸਾਨੂੰ ਸਦਾ ਨਿਹਾਰੀਆਂ ਚਾਰੀਆਂ ਨੇ।
ਰੰਜਸ਼ ਅਸਾਂ ਨੂੰ ਆਪਣੇ ਭਾਣਜੇ ਤੇ ਭੈਣ ਮਰਦਿਆਂ ਜੁੱਤੀਆਂ ਮਾਰੀਆਂ ਨੇ !!

ਖਰੇ ਔਖੇ ਹਨ ਕੰਮ ਸਮਝੌਤਿਆਂ ਦੇ ਫਿਰ ਵੀ ਮੁਨੀ ਜਾਂ ਵੇਖੋ ਮਖਿਆਲ ਚੋਂਦੇ।
ਲੜਦੇ ਲੱਤੀਂ ਜੁਝਾਰੂ ਭਰਿੰਡ ਬਣ ਕੇ ਪਿੰਡਾਂ ਤੋੜਦੇ ਮੰਦੜੇ ਹਾਲ ਚੋਂਦੇ।
ਜਥੇਦਾਰ ਤੇ ਨਾਲੇ ਸਰਕਾਰ ਘੂਰੇ ਵੇਖੋ ਕਿਵੇਂ ਸੰਭਾਲ ਸੰਭਾਲ ਚੋਂਦੇ।
ਸਾਧਗਿਰੀ ਵਿੱਚ ਮਾਮਲੇ ਪਏ ਭਾਰੇ ਠੱਲ੍ਹੇ ਨੀਰ ਨਾ ਅੱਖੀਆਂ ਲਾਲ ਚੋਂਦੇ।
ਲਿਆ ਸ਼ਾਂਤੀ ਵਾਸਤੇ ਕਿਵੇਂ ਪੰਗਾ ਜਿਹੜੀ ਕੋਲ ਸੀ ਉਹ ਵੀ ਗਵਾ ਬੈਠੇ।
ਰੋਜ਼ ਧਮਕੀਆਂ ਡਾਕ ਵਿੱਚ ਆਉਂਦੀਆਂ ਨੇ ਹੱਥ ਬੋਕ ਦੇ ਸਿੰਗਾਂ ਨੂੰ ਪਾ ਬੈਠੇ!!

ਘੁੰਡ ਕੱਢ ਕੇ ਕਿਵੇਂ ਰੂਪੋਸ਼ ਹੋ ਗਏ ਚਿੱਟੇ-ਸ਼ੇਰ ਜਰਨੈਲੀਆਂ ਕਰਨ ਵਾਲੇ !
ਕੌਮ ਚਾਰ ਕੇ ਕਿੱਧਰ ਦੋ ਚਾਰ ਹੋ ਗਏ ਢੱਟੇ ਨਿਸਰੀਆਂ ਸੇਂਜੀਆਂ ਚਰਨ ਵਾਲੇ ?
ਪੁੱਟਦੇ ਰਹੇ ਸਟੇਜਾਂ ਖ਼ੂਬ ਖ਼ੌਰੂ ਕਹਿੰਦੇ—ਅਸੀਂ ਨਹੀਂ ਕਿਸੇ ਤੋਂ ਡਰਨ ਵਾਲੇ !
ਕਹਿ ਕੇ ਭੈਣ ਜੀ ਰੱਖੜੀ ਲਈ ਬਾਂਹ ਕੱਢੀ ਲਾੜੀ ਮੌਤ ਨੂੰ ਦੀਹਦੇ ਸੀ ਵਰਨ ਵਾਲੇ।
ਪੀਤਾ ਜਿਹਨਾਂ ਅੱਧ-ਰਿੜਕਿਆ ਰੜੇ ਬਹਿ ਕੇ ਲੋੜ ਪੈਂਦਿਆਂ ਚੁੱਭੀਆਂ ਮਾਰ ਤੁਰ ਗਏ।
ਉਬਲੇ ਦੁੱਧੋਂ ਮਲਾਈ ਦਾ ਲਿਓੜ ਲਾਹ ਕੇ ਵੇਖੋ ਕੌਮ ਨੂੰ ਕਿਸ ਤਰ੍ਹਾਂ ਠਾਰ ਤੁਰ ਗਏ!!

ਮਹਿੰਗੇ ਕੱਦੂ ਅਕਾਲੀ ਨੇ ਹੋਏ ਸਸਤੇ ਸਮਾਂ ਵੇਖੋ ਤੇ ਸਮੇਂ ਦੀ ਧਾਰ ਵੇਖੋ।
ਅਗਲੇ ਅੰਦਰ ਵੜ ਜਿੰਦਰੀਆਂ ਮਾਰੀਆਂ ਨੇ ਦੜੇ ਕਿਸ ਤਰ੍ਹਾਂ ਕੁਨਕੇ ਦੇ ਯਾਰ ਵੇਖੋ।
ਪਾਉਣ ਲਈ ਡਵੱਟਾ ਗਲ ਲੋਕ ਕਾਹਲੇ ਕਦੇ ਸੋਂਹਦੇ ਸਨ ਫੁੱਲਾਂ ਦੇ ਹਾਰ ਵੇਖੋ।
ਸੈਕਲ ਉਤੇ ਨਾ ਕੋਈ ਬਿਠਾਂਵਦਾ ਈ ਕਿੱਥੇ ਝੰਡੜੀ ਵਾਲੜੀ ਕਾਰ ਵੇਖੋ।
ਲਾਲੀ ਚਿਹਰਿਓਂ ਉੱਡ ਗਈ ਖੰਭ ਲਾ ਕੇ, ਮੂੰਹ ਪੀਲੇ ਜਿਓਂ ਜ਼ਰਦ-ਵਸਾਰ ਹੋ ਗਏ।
ਅੰਦਰ ਬੈਠ ਪੰਜੀਰੀਆਂ ਖਾਂਵਦੇ ਨੇ, ਬਾਹਰ ਵੱਧਣ ਤੋਂ ਵੇਖੋ ਲਾਚਾਰ ਹੋ ਗਏ !!

'ਜਾਗੋ ਇੰਟਰਨੈਸ਼ਨਲ' (ਜੂਨ, 1988)

## 14.

ਕੱਲ੍ਹ ਫ਼ਕੀਰਾਂ ਤਕੀਏ ਬਹਿ ਕੇ ਪੜ੍ਹਿਆ ਜਦ ਅਖ਼ਬਾਰ।
ਸੁਰਖੀ ਪੜ੍ਹ ਕੇ ਉੱਡ ਗਏ ਤੋਤੇ, ਬੋਲੇ 'ਸਤਿ ਕਰਤਾਰ'।
ਬੋਲੇ 'ਸਤਿ ਕਰਤਾਰ' ਦਿੱਲੀ ਨੇ ਖੇਡ ਰਚਾਈ।
ਚੱਕੀਰਾਹੇ ਨੂੰ ਜੱਥੇਦਾਰੀ ਦੀ ਕਲਗ਼ੀ ਲਾਈ।
ਕੀਤੇ ਜੱਥੇਦਾਰ ਆਪਣੇ ਕਾਰਜ ਪੂਰੇ !
ਅੰਬਰਸਰ ਵਰਤਾਏ ਦਿੱਲੀ ਦੇ ਆਣ ਭਠੂਰੇ !!

ਚੱਲ-ਫ਼ਕੀਰਾ ਮਜਲਸ ਲਾਈਏ, ਲਾਈਏ ਸੱਥ 'ਚ ਬਹਿ ਕੇ।
ਬੁਰੇ-ਭਲੇ ਅਖਵਾਈਏ ਕਾਹਤੋਂ ਖਰੀ-ਟੁਣਕਦੀ ਕਹਿ ਕੇ?
ਖਰੀ ਟੁਣਕਦੀ ਕਹਿ ਕੇ ਕਿਉਂ ਕਰਵਾਈਏ ਕੂੰਡਾ।
ਕਿਉਂ ਨਾ ਖਾਈਏ ਨਾਲ ਦੁੱਧ ਦੇ ਰੋਜ਼ ਮਰੂੰਡਾ?
'ਗਿੱਦੜ ਬਣ ਗਏ ਸ਼ੇਰ' ਕਾਹਨੂੰ ਇਹ ਆਪਾਂ ਕਹਿਣਾ !
ਢੂਈ 'ਚ ਜਾਤੂ ਟੁੱਟੂ ਪੰਥ ਨੇ ਲੇਖਾ ਲੈਣਾ !!

ਚੱਲ ਫ਼ਕੀਰਾ ਚੱਕਵੇਂ ਪੈਰੀਂ, ਸਿੰਘਾਂ ਤੋਂ ਗੁਣ ਲਈਏ।
ਕੁੱਟ ਖਾ ਵੀ ਨਾ ਹੋਈਏ 'ਕੱਠੇ ਲੜਦੇ ਭਿੜਦੇ ਰਹੀਏ !
ਲੜਦੇ ਭਿੜਦੇ ਰਹੀਏ ਆਪਣੇ ਮਸਲ ਬਣਾਈਏ।
ਜਿੱਧਰ ਹੋਵੇ ਮੂੰਹ ਓਧਰੇ ਘੋੜ ਦੁੜਾਈਏ।
ਕਰੀਏ ਐਸਾ ਜੰਗ ਤੇ ਐਸੀ ਕੁਰਬਾਨੀ !
ਜਾਏ ਰੁਪਈਆ ਖੂਹ, ਪੱਲੇ ਨਾ ਪਏ ਦੁਆਨੀ !!

ਵੇਖ ਫ਼ਕੀਰਾ ਬੂਟਾ ਸਿੰਹੁ ਨੇ ਕਰੀ ਪੰਥ ਦੀ ਸੇਵਾ।
ਅੰਬਰਸਰ ਬਣਵਾਉਣੀ ਫਿਰਨੀ ਕੌਮ ਛਕੂਗੀ ਮੇਵਾ।
ਕੌਮ ਛਕੂਗੀ ਮੇਵਾ ਹੋਏ ਨਾ ਭੀੜ-ਭੜੱਕਾ।
ਤੁਰੇ ਰੇਵੀਏ ਖ਼ੂਬ ਵਜ਼ੀਰੀ ਵਾਲਾ ਯੱਕਾ।
ਤੁਰੋ 'ਕਤੇਰ-ਕਤੇਰ' ਕਰੋ ਗੁਰ-ਨਗਰੀ ਦਰਸ਼ਣ !
ਭੱਜੋ ਸੌਖ ਦੇ ਨਾਲ ਲੱਗੇ ਜੇ ਡੰਡਾ ਬਰਸਣ !!



ਵੇਖ ਫ਼ਕੀਰਾ ਕਹਿਣ ਅਕਾਲੀ-ਭੱਜ ਗਏ ਜੱਥੇਦਾਰ !
ਤੋੜ ਗਏ ਕੰਗਰੋੜ ਕੌਮ ਦੀ ਨਿਕਲੇ ਨਿਰੇ ਗ਼ੱਦਾਰ।
ਨਿਕਲੇ ਨਿਰੇ ਗ਼ੱਦਾਰ ਪੰਥ ਦਾ ਘਾਣ ਕਰਾ ਗੇ।
ਆਪ ਤਾਂ ਚੜ੍ਹੇ ਜਹਾਜ਼ ਕੌਮ ਨੂੰ ਕੱਚੇ ਲਾਹ ਗੇ।
ਗੁਰੂ-ਪੰਥ ਬਖਸ਼ਿੰਦ ਸਾਨੂੰ ਹੁਣ ਗਲੇ ਲਗਾ ਲੇ !
ਵਸਾਂਗੇ ਨਿਮਕੀ ਨਾਲ ਸਾਡੇ ਤੇ ਚਾਦਰ ਪਾ ਲੇ !!

(ਜੁਲਾਈ, 1988)

## 15.

ਅਸੀਂ ਪੰਥ ਦੇ ਬੁੱਧੀਜੀਵੀ ਸਾਡਾ ਹੈ ਪ੍ਰਧਾਨ !
ਅਸੀਂ ਬਣਾਉਂਦੇ ਰੈਜ਼ੂਲੇਸ਼ਨ, ਲੋਕ ਕਹਿਣ ਵਿਦਵਾਨ।
ਲੋਕ ਕਹਿਣ ਵਿਦਵਾਨ ਵੱਗਦੇ ਹਾਂ ਨਾਰੇ-ਨਾਰੇ।
ਪੁੱਛ ਪੰਥ ਵਿੱਚ ਸਾਡੀ ਤੇ ਨਾਲੇ ਸਰਕਾਰੇ !
ਦੋਂਹ-ਦੋਂਹ ਹੱਥੀਂ ਲੱਡੂ ਜਹਾਜ਼ੀਂ ਲਈਏ ਝੂਟੇ !
ਅਸੀਂ ਪੰਥ ਦੇ ਬੂਟੇ ! ਸਾਡੇ ਸਰਕਾਰੀਂ ਬੂਟੇ !!

ਜੋ ਵੀ ਕਹੀਏ ਜੋ ਵੀ ਲਿਖੀਏ ਸਭ ਹੋਵੇ ਪ੍ਰਵਾਨ !
ਨਾਲ ਕਛਹਿਰੇ ਧੋਤੀ ਚੁੱਕ ਲਓ ਕਹਿੰਦੇ ਨੇ ਪ੍ਰਧਾਨ !!
ਕਹਿੰਦੇ ਨੇ ਪ੍ਰਧਾਨ ਕਰੋ ਪ੍ਰਦੇਸੀਂ ਦੌਰਾ।
ਕਰੋ ਤੁਸੀਂ ਪ੍ਰਚਾਰ ਮੁਝੇ ਕੋਈ ਕਹੇ ਨਾ ਚੌਰਾ !
ਲਓ ਤਖ਼ਤ ਦਾ ਨਾਓਂ ਚੰਮ ਦੀਆਂ ਤੁਸੀਂ ਚਲਾਓ !
ਜੇਬ 'ਚ ਜੱਥੇਦਾਰ ਅਸਾਂ ਤੋਂ ਮੋਹਰ ਲੁਆਓ !!

ਪੰਥ ਉਤੇ ਹੈ ਸੰਕਟ ਅਸੀਂ ਹਾਂ ਸੰਕਟ-ਮੋਚਨ !
ਇਸ ਬਿਪਤਾ ਚੋਂ ਅਸੀਂ ਪੰਥ ਨੂੰ ਕਰਨਾ ਟੋਚਨ !!
ਕਰਨਾ ਟੋਚਨ ਅਸੀਂ ਪੰਥ ਨੂੰ ਪਾਰ ਲਗਾਉਣਾ।
ਬਣੇ ਪੰਥ ਦਾ ਬਣੇ ਨਾ, ਅਸੀਂ ਤਾਂ ਕੁਝ ਬਣਾਉਣਾ !!!
ਹੁਣ ਲੱਗਾ ਹੈ ਦਾਅ ਕਰਾਂਗੇ ਪੂਰੀ ਟੀ.ਸੀ.।
ਬਣਾਂਗੇ ਚੇਅਰਮੈਨ ਬਣਾਂਗੇ ਜਾਂ ਫਿਰ ਵੀ. ਸੀ. !!

ਅਸੀਂ ਡਾਕਟਰ ਤੇ ਪ੍ਰੋਫ਼ੈਸਰ ਅਸੀਂ ਹਾਂ ਨਿਰੀ ਕਰੀਮ !
ਚਾਰ ਜਮਾਤਾਂ ਪੜ੍ਹਕੇ ਬਣ ਗਏ ਅਸੀਂ ਹਾਂ ਨੀਮ-ਹਕੀਮ।
ਬਣ ਗਏ ਨੀਮ-ਹਕੀਮ, ਪੰਥ ਦਾ ਰੋਗ ਹਟਾਉਣਾ।
ਕਾਗ਼ਜ਼-ਪੱਤਰੀਂ ਬੇੜਾ ਪੰਥ ਦਾ ਬੰਨ੍ਹੇ ਲਾਉਣਾ।
ਲੈ ਲੋ ਸਾਥੋਂ ਚੰਦਾ ਪਰ ਇੱਕ ਜਿੰਦ ਨਾ ਮੰਗੋ !
ਧਿਰ ਥੋਡੀ ਹਾਂ ਖਾੜਕੂਓ, ਪਰ ਫਾਹੇ ਨਾ ਟੰਗੋ !!

ਲਿੱਸਾ ਚਿਹਰਾ ਲੈ ਔਂਤਰਾ ਇਓਂ ਆਖੇ ਪ੍ਰਧਾਨ !
ਅਬਿਨਾਸ਼ੀ ਸਤਿਬੀਰ ਚਲੇ ਗਏ ਕੌਣ ਲਿਖੂ ਹੁਣ ਬਿਆਨ?
ਕੌਣ ਲਿਖੂ ਹੁਣ ਬਿਆਨ ਮਾਰਾਂਗੇ ਕਿਵੇਂ ਘਚਾਨੀ?
ਭਾਲ-ਟੋਲ ਕੇ ਲੱਭੀਏ ਹੋਰ ਕੋਈ ਗੁਣੀ-ਗਿਆਨੀ।
ਹੋਵੇ ਕੋਈ ਅਜਿਹਾ ਜੋ ਪਰ ਵਰਤਿਆ ਜਾਵੇ !
ਵਾਂਗੂੰ ਸਿੰਘ ਮਨਜੀਤ ਸੜੇ ਵਾਂਗ ਪਰਤਿਆ ਜਾਵੇ !!

(ਅਪ੍ਰੈਲ, 1995)

## 16.

ਤਦੇ ਰਵੀਏ ਪਊ ਪੰਥ ਜੇ ਕਰਨ ਅਕਾਲੀ ਏਕਾ !
ਇਹ ਏਕਾ ਵੀ ਤਾਂਹੀਏਂ ਹੋਣਾ ਮਿਲੇ ਅਸਾਨੂੰ ਠੇਕਾ !!
ਮਿਲੇ ਅਸਾਨੂੰ ਠੇਕਾ ਪੰਥ ਨੂੰ ਵੈਲਡਿੰਗ ਕਰੀਏ।
ਕਰਕੇ ਪੰਥ ਨਿਹਾਲ ਚਾਰ ਦਿਨ ਹਰੀਆਂ ਚਰੀਏ।
ਬਾਗੜੀਆਂ ਜੀ ਸੋਚ ਸਮਝ ਕੇ ਤਾਂਹੀਏਂ ਈ ਅਸੀਂ ਰਲਾਏ।
ਆਏ ਸਮਾਂ ਤਾਂ ਭਾਰ ਚੁੱਕਣ ਤੇ ਜਰਬ ਨਾ ਸਾਨੂੰ ਆਏ !!

ਜ਼ੈਲ ਸਿਹੁੰ ਜਾਂ ਬੂਟਾ ਹੋਵੇ, ਹੋਵੇ ਜਾਂ ਬਰਨਾਲਾ।
ਸਸਤੇ-ਰੋਟੀਂ ਮਾਫ਼ੀ ਦੇ ਕੇ ਕਰੀਏ ਘਾਲਾ-ਮਾਲਾ।
ਕਰੀਏ ਘਾਲਾ-ਮਾਲਾ 'ਤਾਂਹਾਂ ਤੱਕ ਲਿੰਕ ਬਣਾਈਏ।
ਟੌਹੜ-ਗੁੱਡੀ ਦੀਆਂ ਕੰਨੀਆਂ ਫੜ ਅਸਮਾਨ ਚੜ੍ਹਾਈਏ।
ਰਹੀ ਪੰਥ ਦੀ ਗੱਲ ਸਾਥੋਂ ਮੰਗਦੈ ਅਗਵਾਈ?
ਇਹ ਨਹੀਂ ਸਾਡਾ ਕੰਮ, ਸੁਣੋ ਸਭ ਮਾਈ-ਭਾਈ !!



ਬੜਾ ਅਵੈੜਾ ਦੇਵਰ ਸਾਡਾ ਬੜਾ ਅਵੈੜਾ ਮਾਨ।
ਮਗਰ ਅਸਾਡੇ ਕੱਢੀ ਫਿਰਦਾ ਤਿੰਨ ਫੁੱਟੀ ਕਿਰਪਾਨ !!
ਤਿੰਨ-ਫੁੱਟੀ ਕਿਰਪਾਨ ਕੱਢੇ ਕੱਢ ਸਾਨੂੰ ਘੂਰੇ।
ਪੂਰਾ ਕਰ ਇਕਰਾਰ ਭਾਬੀਏ ਨਹੀਂ ਤਾਂ ਲਾ ਲੂੰ ਮੂਹਰੇ !
ਬਹੁੜੀਂ ਪੰਥਾ ਬਹੁੜੀਂ ! ਮੇਰੇ ਮਗਰ ਪੈ ਗਿਆ !!
ਘੁਕਦੀ ਸੀ ਕਿਰਪਾਨ ਹਾਏ ਨੀਂ ਕੁਛ ਲਾਹ ਕੇ ਲੈ ਗਿਆ !!!

ਯੋਗੀ, ਭੋਗੀ, ਰੋਗੀ ਹੋਵੇ ਕਹਿੰਦੇ ਸੀ ਪ੍ਰਧਾਨ !
ਜੋ ਕੇਂਦਰ ਨਾਲ ਕੁੰਢੀਆਂ ਮੇਲੇ ਸਭ ਸਾਨੂੰ ਪ੍ਰਵਾਨ।
ਸਾਨੂੰ ਸਭ ਪ੍ਰਵਾਨ ਉਹਨੂੰ 'ਸਿੰਘ ਸਾਹਿਬ' ਕਹਾਂਗੇ।
ਪਿੱਟੀ ਜਾਵੇ ਪੰਥ ਅਸੀਂ ਉਸ ਨਾਲ ਰਹਾਂਗੇ !
ਜਦ ਵੀ ਜਾਈਏ ਬਾਹਰ ਕੇਡੀ ਹੈ ਠਾਹਰ ਚੰਗੇਰੀ !
(ਕੋਈ) ਚਿੱਟੀ ! ਝੂਟੀਏ ਕਾਰ ! ਅਸਾਂ ਮਨ ਆਸ ਘਨੇਰੀ !!

ਧੰਨ ਧੰਨ ਬਾਬਾ ਦੀਪ ਸਿੰਘ ਜੀ ! ਧੰਨ ਤੁਸਾਂ ਕੁਰਬਾਨੀ !!
ਸਿੱਖੀ ਸਿਦਕ ਭਰੋਸੇ ਦੇ ਵਿੱਚ ਕੌਣ ਤੁਹਾਡਾ ਸਾਨੀ?
ਕੌਣ ਤੁਹਾਡਾ ਸਾਨੀ, ਅਸੀਂ? ਪਰ ਬੱਲੇ ! ਬੱਲੇ !!
ਪਈ ਪੰਥ ਤੇ ਭੀੜ ਅਸੀਂ ਹੋ ਤਿੱਤਰ ਚੱਲੇ !!!
ਵੀਜ਼ੇ ਮਿਲਣ ਸ਼ਤਾਬ ਕਰ ਲੀਏ ਰੱਜ ਕੇ ਸੈਰਾਂ !
ਹਵਾ-ਖੋਰੀ ਤੋਂ ਬਾਅਦ ਪੰਥ ਦੀਆਂ ਪੁੱਛੀਏ ਖ਼ੈਰਾਂ !!

ਬਾਗੜੀਆਂ ਜੀ ਆਹ ਲੌ ਕੁੰਜੀਆਂ ਸਾਂਭੋ ਜ਼ੁੰਮੇਵਾਰੀ !
ਅਸਾਂ ਤਾਂ ਧੀ-ਧਿਆਣੀ ਬਣ ਕੇ ਜਾਣਾ ਮਾਰ ਉਡਾਰੀ।
ਜਾਣਾ ਮਾਰ ਉਡਾਰੀ ਚਾਰ ਦਿਨ ਜਾਣੈਂ ਪਾਸੇ।
ਪੇਸ਼ ਪੈ ਗਿਆ ਪੰਥ ਏਸ ਨੇ ਖੋਹ ਲਏ ਹਾਸੇ।
ਕਰ ਲਓ ਕੋਈ ਜੁਗਾੜ ਸਾਡਾ ਤਾਂ ਦਿਲ ਨਹੀਂ ਵੱਗਦਾ !
ਜਦ ਦੀ ਮਿਰਕਣ ਵੇਖੀ ਏਥੇ ਜੀਅ ਨਹੀਂ ਲੱਗਦਾ !!

ਬਸ ਇੱਕ ਗੱਲ ਮਾੜੀ ਸਾਥੋਂ ਪੰਥ ਮੰਗੇ ਅਗਵਾਈ !
ਜਦੋਂ ਬਣੇ ਸੀ ਇਹ ਗੱਲ ਸਾਨੂੰ ਕਿਸੇ ਨਹੀਂ ਬਤਲਾਈ !!

ਕਿਸੇ ਨਹੀਂ ਬਤਲਾਈ ਸਾਨੂੰ ਸਿੱਖ ਰੋਜ਼ ਸਤਾਉਂਦੇ।
ਮੜੀ-ਮੰਜ਼ਲ ਦਾ ਐਵੇਂ ਟਿੰਡ ਵਿੱਚ ਕਾਨਾ ਪਾਉਂਦੇ।
ਏਸ ਪ੍ਰਸ਼ਨ ਦੇ ਉੱਤਰ ਬਾਝੋਂ ਝੋਲ ਅਸਾਡੀ ਖਾਲੀ।
ਲਈਏ ਖ਼ਤਰੇ ਮੁੱਲ, ਅਸੀਂ ਤਾਂ ਫੂਲਾ ਸਿੰਘ ਅਕਾਲੀ?

ਉਮਰ ਨਿਆਣੀ ਭਾਰੇ ਮਾਮਲੇ ਕਾਹਲੀ ਰਤਾ ਨਾ ਕਰੀਏ !
ਬਿਖੜਾ ਪੈਂਡਾ ਜੁੱਤੀ ਮਖ਼ਮਲੀ ਸੰਭਲ ਸੰਭਲ ਪੱਬ ਧਰੀਏ !!
ਸੰਭਲ ਸੰਭਲ ਪੱਬ ਧਰੀਏ ਨਿਰੀ ਇਹ ਤਿਲ੍ਹਕਣ-ਬਾਜ਼ੀ।
ਅੱਥਰਾ ਪੰਥ ਸੁਭਾਓ ਹੁੰਦੈ ਨਿੱਤ ਗੁੱਸੇ-ਰਾਜ਼ੀ।
ਅੰਦਰ ਵੜ ਕੇ ਰੋਈਏ ਕਿਸੇ ਨੂੰ ਬਾਹਰ ਨਾ ਦੱਸੀਏ !
ਨਿੱਕੀਏ ! ਮੰਨ ਸਲਾਹ !! ਪੰਥ ਦੇ ਤਾਂਹੀਂ ਵੱਸੀਏ !!!

(ਜੂਨ, 1995)

## 17.

ਨੰਦ ਕੁਰ ਚੰਦ ਕੁਰ ਦੋਵੇਂ ਵੈਲਣਾਂ ਵਿੱਚ ਪਰ੍ਹੇ ਦੇ ਲੜੀਆਂ !
ਇੱਕ ਦੂਜੀ ਦੇ ਯਾਰ ਪਿੱਟਦੀਆਂ ਕਿਵੇਂ ਸਾਹਮਣੇ ਖੜ੍ਹੀਆਂ !!
ਕਿਵੇਂ ਸਾਹਮਣੇ ਖੜ੍ਹੀਆਂ ਕਹਿੰਦੀਆਂ ਟੁੱਟ ਗਈ ਆੜੀ।
ਹਰ ਆਖੇ ਮੈਂ ਚੰਗੀ ਦੂਸਰੀ ਅਤਿ ਦੀ ਮਾੜੀ।
ਦਿੱਲੀ ਬਖ਼ਸ਼ਦੀ ਕੁਰਸੀ ਦੋਹਾਂ ਨੂੰ ਲੱਗਦੀ ਪਿਆਰੀ !
ਪਾ ਕੇ ਜੱਫ਼ੀਆਂ ਦੋਹਾਂ ਵੈਲਣਾਂ ਕੌਮ ਵਿਸਾਰੀ !!

ਮੇਰਿਓ ਭਰਾਵੋ ! ਮੇਰਿਓ ਵੀਰਨੋ !! ਵਹਿਮ ਰਤਾ ਨਾ ਕਰੀਏ।
ਘਰ ਦੀ ਹੈ ਟਕਸਾਲ ਆਪਣੀ ਉਂਗਲ ਕਦੇ ਨਾ ਧਰੀਏ !
ਉਂਗਲ ਕਦੇ ਨਾ ਧਰੀਏ ਏਸ ਨੂੰ ਸੀਸ ਨਿਵਾਈਏ।
ਜੋ ਬਾਬਾ ਜੀ ਕਹਿਣ-ਓਸਤੇ ਫੁੱਲ ਚੜ੍ਹਾਈਏ।
ਸੰਤ ਜੀ ਹੋਏ ਸ਼ਹੀਦ? ਤੌਬਾ ! ਇਹ ਕਦੇ ਨਹੀਂ ਪੁੱਛਣਾ !!
ਮਿਲੇ ਉਹਨਾਂ ਦੇ ਨਾਮ ਸਾਡਾ ਕੰਮ ਜੜ੍ਹਾਂ ਤੋਂ ਮੁੱਛਣਾ !!!

ਲੈ ਸਿੱਖਾਂ ਦੀਆਂ ਵੋਟਾਂ ਪਹਿਲਾਂ ਹਰਿਮੰਦਰ ਵੱਲ ਜਾਈਏ।
ਮੱਦਤ ਦੇ ਲਈ ਦੁਰਗਿਆਣੇ ਵੀ ਇੱਕ ਗੇੜਾ ਕੱਢ ਆਈਏ !



ਗੇੜਾ ਕੱਢ ਕੇ ਆਈਏ, 'ਆਪਾਂ ਸਭ ਭਾਈ-ਭਾਈ'।
ਖਾੜਕੂਆਂ ਨੇ ਐਵੇਂ ਵਿੱਚੇ-ਵਿੱਚ ਪਾਈ ਲੜਾਈ।
ਉੱਤੋਂ ਅਸੀਂ ਗੋਬਿੰਦ ਦੇ ਵਿੱਚੋਂ ਹਾਂ ਸ੍ਰੀ-ਰਾਮੀ !
ਕੌਣ ਕਹੇਗਾ ਸੰਗਤੋ ! ਸਾਨੂੰ ਭਲਾ ਹਰਾਮੀ?

ਹੇ ਸਿੱਖਾ ! ਚੁੱਪ ਕਰਕੇ ਬਹਿ ਜਾ ! ਵੇਲਾ ਅਤਿ-ਗੰਭੀਰ।
ਖਾੜਕੂਆਂ ਦੀ ਅਹੁ ਵੇਖ ਲਾ ! ਆਉਂਦੀ ਪਈ ਵਹੀਰ !!
ਆਉਂਦੀ ਪਈ ਵਹੀਰ ਸੀਸ ਧਰ ਤਲੀ ਤੇ ਆਉਂਦੇ।
ਚਲਦੀ ਪਈ ਸ਼ਮਸ਼ੀਰ ਪਤਾ ਨਹੀਂ ਗਲ ਕੀਹਦਾ ਲਾਹੁੰਦੇ?
ਜੇ ਦੁਸ਼ਮਣ ਦਾ ਲਾਹੁਣ ਆਪਾਂ ਵੀ ਨਾਲ ਹੋ ਚੱਲੀਏ !
ਆਪਣਿਆਂ ਦਾ ਲਾਹੁਣ ਰਤਾ ਭਾਈ ਪੈਰ ਵੀ ਮਲੀਏ !!

ਹੇ ਸਿੱਖਾ ! ਚੁੱਪ ਕਰ ਕਿਉਂ ਸਹਿਣਾ? ਵੇਲਾ ਅਤਿ-ਗੰਭੀਰ !
ਚੱਲ ਪੰਥ ਨੂੰ ਮੋਢਾ ਦੇਈਏ ਜਾਈਏ ਦਲਾਂ ਨੂੰ ਚੀਰ !!
ਜਾਈਏ ਦਲਾਂ ਨੂੰ ਚੀਰ ਕੌਮੀ-ਤਕਦੀਰ ਨੂੰ ਘੜੀਏ।
ਲੈ ਚਾਨਣ ਤਲਵਾਰ ਨ੍ਹੇਰੇ ਸੰਗ ਆਪਾਂ ਲੜੀਏ।
ਮਰ ਗਈ ਸਿੱਖਾ ਕੌਮ ! ਆਪਾਂ ਕੀ ਜਿਉਂ ਕੇ ਲੈਣਾ?
ਕਹਿ ਜਾਏ ਕੋਈ 'ਅਕਾਲੀ' ਏਸਤੋਂ ਬਚਕੇ ਰਹਿਣਾ !!

ਹੇ ਸਿੱਖਾ ! ਅਖ਼ਬਾਰਾਂ ਪੜ੍ਹਦੈਂ? ਅਖ਼ਬਾਰਾਂ ਅਗਿਆਨੀ।
ਅਖ਼ਬਾਰਾਂ ਤੇ ਪੈਸਾ ਬੈਠਾ ਪੈਸੇ ਦੇ ਲਈ ਗਿਆਨੀ !
ਪੈਸੇ ਦੇ ਲਈ ਗਿਆਨੀ ਹੁਕਮਨ ਕਲਮ ਚਲਾਉਂਦੇ।
ਜਥੇਬੰਦੀ ਜੋ ਕਹੇ ਵਿਚਾਰੇ ਹੁਕਮ ਬਜਾਉਂਦੇ।
ਰਹੀ ਪੰਥ ਦੀ ਗੱਲ ! ਕਰੂ ਕੋਈ, 'ਕੱਲਾ ਕਹਿਰਾ'।
ਜਿਉਂਦੇ-ਜੀ ਜੇ ਰਿਹਾ ਭਲਾ ਕੋਈ ਨੱਥੂ-ਖਹਿਰਾ !!!

ਤੜਕੇ ਤੜਕੇ ਸੁਬ੍ਹਾ-ਸਵੇਰੇ ਸਾਨੂੰ ਆਇਆ ਫ਼ੋਨ।
ਲੜੀ ਹੋਈ ਘਰ ਵਾਲੀ ਸਾਡੀ ਅਸੀਂ ਧਾਰਿਆ ਮੋਨ !
ਅਸੀਂ ਧਾਰਿਆ ਮੋਨ ਫ਼ੋਨ ਤੇ ਖੁੱਲ੍ਹ ਕੇ ਹੱਸੇ।
ਫ਼ੋਨ ਉਤੇ ਕੋਈ ਪਾਠਕ ਸਾਡੀਆਂ ਤਲੀਆਂ ਝੱਸੇ।
ਕਹੇ ਹੋਏ—ਕੋਈ ਸੇਵਾ ਅਸਾਂ ਨੂੰ ਤੁਸੀਂ ਬਤਾਓ !
ਕਹੀਏ—ਪਤਨੀ ਪੰਥ ਏਸ ਤੋਂ ਕਿਵੇਂ ਬਚਾਓ !!

(ਜੁਲਾਈ 1995)

## 18.

ਸਿੱਧਰੇ ਭਾਈ ਬਾਗੜੀਆਂ ਜੀ ! ਸਿੱਧਰੇ ਸਾਡੇ ਵਰਗੇ !
ਸੋਹਣਾ ਟੁੱਕ ਖਾਂਦੇ ਸੀ ਭੋਲੇ ਐਵੇਂ ਪੰਥ ਤੇ ਮਰਗੇ !
ਐਵੇਂ ਪੰਥ ਤੇ ਮਰਗੇ ਚਲਣ ਹੋ ਸੁੱਚੇ-ਸੁੱਚੇ !
ਪਿਆ ਜਿਨ੍ਹਾਂ ਨਾਲ ਵਾਹ ਪੂਰੇ ਉਹ ਲੁੱਚੇ ਲੁੱਚੇ !!
ਬਣੋ ਭਾਈ ਜੀ ਲੁੱਚੇ! ਲੁੱਚਿਆਂ ਨਾਲ ਜੇ ਹੈ ਲੜਨਾ !
ਜੇ ਨਾ ਹੋਏ ਦਲੇਰ ਮਨੂਰ ਜਿਉਂ ਪੈਣਾ ਝੜਨਾ !!

ਹੋਇ ਨਿਹਾਲ ਸਤਿਗੁਰਾਂ ਸਾਨੂੰ ਬਖ਼ਸ਼ੀ ਸੀ ਤਲਵਾਰ !
ਨਾਲ ਏਸਦੇ ਜ਼ਾਲਮ ਨੂੰ ਹੈ ਤੁਸੀਂ ਬੁਲਾਉਣਾ ਪਾਰ !!
ਤੁਸੀਂ ਬੁਲਾਉਣਾ ਪਾਰ ਆਪਣਾ ਸਦਾ ਬਚਾਉਣਾ।
ਖੁੱਡੀਆਂ, ਸੰਧੂ ਹੋਏ ਭਾਵ ਨਹੀਂ ਕਦੇ ਮੁਕਾਉਣਾ।
ਕਰੋਂ ਕੁਵਰਤੋਂ ਏਸ ਪਊ ਫਿਰ ਲੇਖਾ ਦੇਣਾ !
ਮਾਹਰ ਹੈ ਕਲਗੀਧਰ ਨਾ ਕਦੇ ਭੁਲੇਖਾ ਦੇਣਾ !!

ਸੁਣੀਂ ਫ਼ਕੀਰਾ ! ਇੱਕ ਗੱਲ ਆਪਾਂ ਐਵੇਂ ਲਈਏ ਨਾ ਪੰਗੇ।
ਇਨ ਪੰਗਿਆਂ ਨੂੰ ਲੈਂਦੇ ਲੈਂਦੇ ਜਾਈਏ ਆਪਾਂ ਟੰਗੇ।
ਜਾਈਏ ਆਪਾਂ ਟੰਗੇ ਫੇਰ ਨਹੀਂ ਕਿਸੇ ਛੁਡਾਉਣਾ।
ਸੀਖਾਂ ਪਿੱਛੇ ਬੈਠ ਛੁਣਛੁਣਾ ਪਊ ਵਜਾਉਣਾ।
ਅੰਦਰ ਬਹਿ ਪਰ ਲਿਖ ਦੇਖੀਏ ਇਹੁ ਤਮਾਸ਼ਾ !
ਇੱਕ ਦਿਹੁੰ ਪੈਣਾ ਨੱਚ ਜਗਤ ਵਿੱਚ ਪੈਣਾ ਹਾਸਾ !!

ਚੱਲ ਸੁਰਤੇ ! ਚੱਲ ਚੰਡੀਗੜ੍ਹ ਨੂੰ ਚੱਲ ਤੱਕੀਏ ਸਰਕਾਰਾਂ !
ਸ਼ੇਰ-ਸਿੰਘਾਸਨ ਮੱਲ ਬੈਠੀਆਂ ਕਿੰਜ ਗਿੱਦੜਾਂ ਦੀਆਂ ਮਾਰਾਂ !!
ਕਿੰਜ ਗਿੱਦੜਾਂ ਦੀਆਂ ਮਾਰਾਂ ਆਏ ਦਿਨ ਹੁਕਮ ਚਲਾਵਣ।
ਗੰਨਿਆਂ ਵਰਗੇ ਪੁੱਤ ਆਪਣੇ ਆਪ ਮਰਾਵਣ !
ਜੇ ਮਰਦੇ ਹਨ ਪੁੱਤ ਅਸਾਂ ਨੂੰ ਕਾਹਦਾ ਝੋਰਾ ?
ਪੈਂਦੀ ਸਾਨੂੰ ਬੋਟੀ ਤੇ ਨਾਲ ਦੁੱਧ-ਕਟੋਰਾ !!



'ਸਿੰਘ-ਬਹਾਦਰ' ਨਾਮ ਕਮਾਉਣਾ ਹੋਵੇ ਫ਼ੌਜ ਵਿੱਚ ਭਰਤੀ !
ਘਰ ਵਿੱਚ ਜੇਕਰ ਨਾਮ ਕਮਾਉਣਾ ਫੜ ਜਾਓ ਭਾਈ ਧਰਤੀ !!
ਫੜ ਜਾਓ ਭਾਈ ਧਰਤੀ ਸਿੰਘਣੀ ਸੰਗ ਨਿਹੁੰ ਜਤਾਈਏ !
ਬਰਤਨ ਮਾਂਜ ਪ੍ਰੇਮ ਸੰਗ ਨਿੱਤ ਹੂਵਰ ਲਾਈਏ !!
ਖੇਡੋ ਬੱਚਿਆਂ ਸੰਗ ਕਰੋ ਭਾਈ ਐਸੀ ਲੀਲ੍ਹਾ !
ਨੂੰਹ-ਪੁੱਤ ਟੰਗੇ ਕੰਮ ਸ਼ੇਰ ਸਿੰਘ ਮਾਂਜ ਪਤੀਲਾ !!!

ਲੂਣ ਤੇਲ ਤੇ ਲੱਕੜੀਆਂ ਦਾ ਪੈ ਗਿਆ ਕਿਹਾ ਸਿਆਪਾ !
ਪ੍ਰਤਾਪੀ ਦੇ ਪ੍ਰੇਮੋਂ ਖੁੰਝਿਆ ਵੇਖੋਂ ਕਿੰਜ ਪ੍ਰਤਾਪਾ !!
ਵੇਖੋ ਕਿੰਜ ਪ੍ਰਤਾਪਾ ਪਾਰਕ ਵਿੱਚ ਦਿੰਦਾ ਗੇੜੇ !
ਘੜੀ ਵੇਖ ਕਿੰਜ ਬੱਚਿਆਂ ਦੇ ਸੰਗ ਸਮਾਂ ਨਬੇੜੇ !!
ਕਹੇ ਬੈਂਡ ਤੇ ਆ ਪ੍ਰਤਾਪੀ ! ਸਾਹ ਲੈ ਲਈਏ !!
ਫਾਰਨ ਵਿੱਚ ਨਾ ਆਈਏ ਕਦੇ ਇਸ ਜੂਨ ਨਾ ਪਈਏ !!!

ਨਵੀਂ ਅਸਾਡੀ ਨੂੰਹ ਖਾੜਕੂ ਨਵੀਂ ਆਈ ਮੁਕਲਾਵੇ !
ਭਰਵੱਟੇ ਤਲਵਾਰਾਂ ਵਰਗੇ ਹਰ ਗੱਲ-ਕੱਥੇ ਵਾਹਵੇ !!
ਹਰ ਗੱਲ-ਕੱਥੇ ਵਾਹਵੇ ਕਰੇ ਹਰ ਗੱਲ ਦਾ ਕੁਤਰਾ !
ਜਾਇ ਰਸੋਈ ਪੀਏ ਵੋਦਕਾ ਕਹੇ ਸਭਨ ਕੋ ਪੁੱਤਰਾ !!
ਆਇਆ ਕਲਯੁਗ ਭਾਈ ਕਰੋ ਜੇ ਹੁੰਦੈ ਚਾਰਾ !
ਨਾ ਕੋਈ ਸਾਕ ਨਾ ਸੈਣ ਅਭੀ ਤੋਂ ਗੁਰੂ ਹਮਾਰਾ !!

(ਅਗਸਤ, 1995)

## 19.

ਕੱਲ੍ਹ ਸਟੇਜੀਂ ਸਨ ਬੁੜ੍ਹਕਦੇ-ਲੈਣੈਂ ਖਾਲਿਸਤਾਨ !
ਖਾੜਕੂਆਂ ਦੀ ਸੱਜੀ ਬਾਂਹ ਹਾਂ ਅਸੀਂ ਉਹਨਾਂ ਦੀ ਜਾਨ !
ਅਸੀਂ ਉਹਨਾਂ ਦੀ ਜਾਨ ਪੈ ਗਿਐ ਕੰਮ ਪਰ ਠੰਡਾ।
ਆਓ ਚਲਾਈਏ ਹੋਰ ਕਿਸੇ ਢੰਗ ਹਲਵਾ-ਮੰਡਾ।
ਰੱਖ ਟੂਰਨਾਮੈਂਟ ਲੱਗੇ ਕੌਡੀ ਕਰਵਾਉਣੇ !
ਛੱਡ ਦੇਸ ਦੀ ਮੰਗ ਪੰਥ ਦੇ ਪੱਟ ਬਣਾਉਣੇ !!

ਵਿੱਛੜੀਂ ਨਾ ਪ੍ਰਧਾਨਗੀਏ ਨੀਂ ! ਮੈਂ ਨਹੀਂ ਜਿਉਂਦੇ ਰਹਿਣਾ !
ਬੁੱਢੇ-ਵਾਰੇ ਹੇ ਹਰਿਕਿਸ਼ਨੇ ! ਪਏ ਵਿਛੋੜਾ ਸਹਿਣਾ !!
(ਨਾ) ਪਏ ਵਿਛੋੜਾ ਸਹਿਣਾ—ਦਿੱਲੀ ਨੂੰ ਦੋਇ ਕਰ ਜੋੜਾਂ।
ਕਰੇ ਨਾ ਸੱਜਰੀ ਚੋਣ ਏਸ ਤੋਂ ਸਦ ਸਦ ਹੋੜਾਂ।
ਅੱਧੇ ਗਏ ਪ੍ਰਲੋਕ ਕੁਝ ਤਾਂ ਇਸ ਸਾਲ ਜਾਣਗੇ !
ਜਿਉਂਦੇ ਚੁਣਨ ਪ੍ਰਧਾਨ ਮੈਨੂੰ ਹੀ ਵੋਟ ਪਾਣਗੇ !!

ਮਾਲਦਾਰ ਹੇ ਸਿੱਖ-ਪ੍ਰਦੇਸੀ ! ਗੁਰ-ਘਰ ਆ ਬਣਵਾਈਏ !!
ਦਿੱਤਾ ਵਕਤ ਸਤਿਗੁਰਾਂ ਆਪਾਂ ਉੱਘੀ ਸੇਵ ਕਮਾਈਏ !
ਉੱਘੀ ਸੇਵ ਕਮਾਈਏ ਚਾਰ ਬੰਦੇ ਵੀ ਜਾਨਣ !
ਬਣ ਜਾਈਏ ਪ੍ਰਧਾਨ ਸੰਗਤ ਵਿੱਚ ਹੋਵੇ ਚਾਨਣ !!
ਦਿਲ ਤੇ ਕਰੇ ਹਨੇਰ ! ਏਸਨੂੰ ਮੋਏ ਨੇ ਪੁੱਛਣਾ?
ਸਿੱਖੀਏ ਇੱਕੋ ਗੁਰ-ਕਿਸੇ ਕਿੰਜ ਦੇਣੀ ਤੁੱਖਣਾ?

ਦਿੱਲੀ ਤੇ ਵਿੱਚ ਚੋਣ ਹੋਈ ਤੇ ਡਿੱਗਿਆ ਅਹੁ ਰਛਪਾਲ !
ਸੁਰਤ ਸਿੱਖਾਂ ਨੂੰ ਆਈ ਐਸੀ ਸਿੱਖ ਤੁਰੇ ਨਾ ਨਾਲ !!
ਸਿੱਖ ਤੁਰੇ ਨਾ ਨਾਲ ਭੋਲੇ-ਭਾਅ ਵੋਟਾਂ ਪਾ ਗਏ।
ਪਿੱਪਲ ਪੱਟ ਪੰਥ ਦੇ ਵਿਹੜੇ ਬੋਹੜ ਲਗਾ ਗਏ !
ਬਾਦਲ ਬੋਹੜ-ਸਮਾਨ ਖਾਓ ਰੱਜ ਗੋਹਲਾਂ ਭਾਈ !
ਅੰਬਰਸਰ ਤੇ ਦਿੱਲੀ ਦੋਹਾਂ ਨੂੰ ਹੋਏ ਵਧਾਈ !!

ਭਾਨ ਗਿਣਦਿਆਂ ਉਮਰਾ ਬੀਤੀ, ਕੰਮ ਨਾ ਆਇਆ ਲੋਟ !
ਬਣੋ ਲਿਖਾਰੀ ਬਣੋ ਭਿਖਾਰੀ-ਬੱਦਲ ਲਾ ਗਏ ਚੋਟ !!
ਬੱਦਲ ਲਾ ਗਏ ਚੋਟ-ਕਰੀ ਜਾਓ ਕਲਮ-ਘਸਾਈ !
ਬੱਕਰੇ ਬਣ ਜਾਓ ਆਪ ਜਿਨ੍ਹਾਂ ਤੇ ਲਿਖੋਂ ਕਸਾਈ !!
ਬਹੁਤੀ ਗਈ ਵਿਹਾਇ ਗੁਰਾਂ ਦੀ ਤੱਕੀਏ ਓਟ !
ਲਾਹ ਲੀਡਰਾਂ ਚੰਮ ਬਣੇ ਇੱਕ 'ਸਿੱਖ ਦੀ ਵੋਟ'!!



(ਸਤੰਬਰ, 1995)

## 20.

ਜਥੇਬੰਦੀ ਹੈ ਪਤਨੀ ਵਰਗੀ ਅਸੀਂ ਤਾਬਿਆਦਾਰ !
ਜੇ ਨਾ ਹੋਵੇ ਨਾਲ ਅਸਾਡੇ ਬਣਦਾ ਨਹੀਂ ਵਕਾਰ !
ਬਣਦਾ ਨਹੀਂ ਵਕਾਰ 'ਕੱਲੇ ਕੁਝ ਕਹਿ ਨਹੀਂ ਹੁੰਦਾ।
ਜਥੇਬੰਦੀ ਮਹਿਬੂਬਾ ! ਇਸ ਬਿਨ ਰਹਿ ਨਹੀਂ ਹੁੰਦਾ।
ਭੈੜੀ ਇਸ ਕਰਤੂਤ ! ਅਸਾਂ ਨਹੀਂ ਏਹਨੂੰ ਛੱਡਣਾ !
ਲੋਕ-ਰਾਜ ਹੈ ਲੋਕਾਂ ਵਿੱਚ ਨਹੀਂ ਮਾੜੇ ਵੱਜਣਾ !!

ਫ਼ੱਕਰ ਕਹੇ ਸੁਣ ਟੌਹੜਿਆ ! ਪਾ ਲੈ ਲੱਖ ਜੰਜਾਲ !
ਕਰ ਲੈ ਲੱਖ ਸ਼ੈਤਾਨੀਆਂ ਨਹੀਂ ਨਿਭਣੀਆਂ ਨਾਲ !!
ਨਹੀਂ ਨਿਭਣੀਆਂ ਨਾਲ ਪੰਥ ਨੇ ਲੇਖਾ ਲੈਣਾ।
ਇੱਕ ਨਾ ਇੱਕ ਦਿਨ ਕੰਧ ਕੂੜ ਦੀ ਕਿਰ ਢਹਿ ਪੈਣਾ।
ਵਰਤ ਪੰਥ ਦਾ ਨਾਂਓਂ ਕਰਨ ਜੋ ਰੱਜ ਕੇ ਮੌਜਾਂ !
ਕਰਨ ਸੁਆਗਤ ਅੰਤ ਉਹਨਾਂ ਦਾ ਗੁਰ ਕੀਆਂ ਫ਼ੌਜਾਂ।

ਢਾਡੀ ਵਿਕਦੇ ਕੀਰਤਨੀਏ ਵੀ ਕਥਾ-ਵਾਚਕ ਬਹੁ-ਭਾਂਤ !
ਝੂਠਾ ਇਹ ਬਾਜ਼ਾਰ ਪਿਆਰੇ ਅਪਨੀ ਬਤਾਓ ਚਾਹਤ !!
ਅਪਨੀ ਬਤਾਓ ਚਾਹਤ ਯਹਾਂ ਸਭ ਕੁਛ ਬਿਕਤਾ ਹੈ।
ਲਓ ਕਾਗ਼ਜ਼ ਕਾ ਸ਼ੇਰ ਗਊ ਆਗੇ ਝੁਕਤਾ ਹੈ।
ਸੀਨਰੀਆਂ ਕਾ ਬਾਦਲ ਚੁੱਲੂ ਭਰ ਪੱਲੇ ਨਾ ਪਾਨੀ।
ਟਕੇ ਭਾਵ ਯਹਾਂ ਬਿਕੇ ਜ਼ੈਲ ਸਿੰਘ ਜੈਸੇ ਗਿਆਨੀ !!

ਅਗਲੇ ਜਨਮ 'ਚ ਦਾਅ ਲੱਗਾ ਤਾਂ ਮਨ ਜੀ ਬਣੀਏਂ ਸੰਤ।
ਕਹਿੰਦੇ ਸੰਤ ਬਣਦਿਆਂ ਮਿਲਦੇ ਤੱਤੇ-ਘਾਹ ਭਗਵੰਤ !!
ਤੱਤੇ-ਘਾਹ ਭਗਵੰਤ ਦਿਲਾਂ ਦੀ ਆਸ ਪੁਗਾਉਂਦੇ।
ਵੱਸਦੇ ਕ੍ਰਿਪਾ ਧਾਰ ਮਨਾਂ ਦੀਆਂ ਡੁੰਝਾਂ ਲਾਹੁੰਦੇ।
ਚਿੱਟਾ ਬਾਣਾ ਪਹਿਨ ਸੰਗਤ ਹੱਥ ਸਰ੍ਹੋਂ ਜਮਾਈਏ !
ਮਾਰ ਅੰਨ੍ਹੇ ਦੀਆਂ ਥੇਹ ਮਾਇਆ ਦੀ ਢੇਰੀ ਲਾਈਏ !!

ਟੌਹੜਾ ਕਹੇ ਕਲਕੱਤਿਆ! ਆਇਆ ਮਨ ਦੇ ਵਿੱਚ !
ਸੰਤ ਜਵੱਦੀ ਵਾਲੜੇ ਕਰਦੇ ਸਾਨੂੰ ਜਿੱਚ !!
ਕਰਦੇ ਸਾਨੂੰ ਜਿੱਚ 'ਸੰਮੇਲਨ-ਸਿੱਖ' ਬੁਲਾਉਂਦੇ।
ਵੱਢਦੇ ਸਾਡੀ ਪੂਛ ਸਿੱਖਾਂ ਨੂੰ ਨਾਲ ਰਲਾਉਂਦੇ।
(ਆਪਾਂ) ਆਪ ਸੰਮੇਲਨ ਸੱਦੀਏ ਚੱਲੀਏ ਐਸੀ ਚਾਲ !
ਭੰਬਲ-ਭੂਸੇ ਪੈਣ ਸਿੱਖ, ਚੱਲੇ ਫੁਲਕਾ-ਦਾਲ !!

ਪਤਨੀ ਤੋਂ ਜਾਂ ਪੰਥ ਤੋਂ ਜੇਕਰ ਜਾਈਏ ਅੱਕ !
ਨੁਸਖ਼ਾ ਦੱਸਦੇ ਸਾਧ-ਜਨ ਲਈਏ ਭਾਈ ਟਰੱਕ !!
ਲਈਏ ਭਾਈ ਟਰੱਕ ਲੇਹੜਵਾਂ ਦਾਮ ਕਮਾਈਏ।
ਚਤੁੱਕ ਦੂਰ ਦਾ ਲੋੜ੍ਹ, ਲੋੜ੍ਹ ਸਭ ਮਨ ਦਾ ਲਾਈਏ।
ਸਿੰਘਣੀ ਹੋਏ ਨਾਰਾਜ਼ ਨੋਟਾਂ ਦਾ ਸਿੱਟੀਏ ਦੱਥਾ !
ਪੰਥ ਵੀ ਰਹੇ ਨਿਹਾਲ ਕਦੇ ਨਾ ਪਾਵੇ ਪੱਥਾ !!

(ਅਕਤੂਬਰ, 1995)

## 21.

ਖ਼ਬਰ ਖੁਸ਼ੀ ਦੀ ਰਾਂਝੇ ਨੂੰ ਚਾਓ ਚੜ੍ਹਿਆ ਜਿਵੇਂ ਬਾਲ ਨੂੰ ਚਾਓ ਮਤਾਬੀਆਂ ਦਾ।
ਚਾਓ ਵੈਲਣ ਨੂੰ ਯਾਰ ਦੇ ਮਿਲਣ ਦਾ ਜਿਉਂ ਮਿਲੇ ਦਿਉਰ ਨੂੰ ਝੁੰਡ ਜਿਉਂ ਭਾਬੀਆਂ ਦਾ।
ਨੂੰਹ ਆਏ ਵੀ ਨਾਲੇ ਦੇ ਨਾਲ ਰਹਿ ਜੇ ਸੱਸ ਪਾਸ ਜਿਉਂ ਗੁੱਛਾ ਚਾਬੀਆਂ ਦਾ।
ਪਾਵੇ ਨਾਲ ਜੇ ਰਾਤ ਦੀ ਬਚੀ ਰਹਿ ਕੇ ਦਿਲ ਖੁਸ਼ ਜਿਉਂ ਹੁੰਦੈ ਸ਼ਰਾਬੀਆਂ ਦਾ।
ਟੌਹੜਾ ਲੱਥਾ ਤਾਂ ਆਖਿਆ—ਵਾਹ ਸੱਜਣ! ਜਾਓ ਜਾਂਦਿਆਂ !! ਪਿੱਠ 'ਤੇ ਪਿਆਰ ਦੇਈਏ।
ਸੋਹਣਾ ਪੰਥ-ਪਤੀਲੇ ਨੂੰ ਮਾਂਜਿਓ ਨੇ, ਥੋਨੂੰ ਪੰਥ ਦੀ ਬੱਸੈਂ ਉਤਾਰ ਦੇਈਏ।

ਬਾਦਲ ਪੁੱਤ ਨੂੰ ਕਹੇ, ਸੁਖਬੀਰ ਸਿੰਘਾ! ਬਾਦਸ਼ਾਹੀ ਵਿੱਚ ਬਰਕਤਾਂ ਭਾਰੀਆਂ ਨੇ।
ਕਾਂਗਰਸ 'ਚੋਂ ਉਠ ਮੈਂ ਵੇਖ ਕੀਕੂੰ ਕੈਰੋਂ ਤੱਕ ਉਡਾਰੀਆਂ ਮਾਰੀਆਂ ਨੇ।
ਪੜ੍ਹੀਆਂ ਮੈਂ ਵੀ ਜਮਾਤਾਂ ਲਾਹੌਰ ਤੋਂ ਨੇ ਨਾ ਤੂੰ ਸਮਝ ਮੈਂ ਬੱਕਰੀਆਂ ਚਾਰੀਆਂ ਨੇ।
ਸੈਂਟਰ, ਪੰਥ ਦਾ ਸੈਂਟਰ ਬਣਾਇ ਤੈਨੂੰ ਮੈਂ ਤਾਂ ਬੋਲੀਆਂ ਲੱਖ ਸਹਾਰੀਆਂ ਨੇ।
ਟੌਹੜਾ ਢਾਉਣ ਦੇ ਮੰਮੀ ਦੇ ਦਾਓ ਦੱਸੇ ਹੁਣ ਤੱਕ ਤੂੰ ਕੀ ਪਾ ਤੀਆਂ ਪੂਰੀਆਂ ਨੇ।
ਓਧਰ ਭਾਜਪਾ ਪੱਟਾਂ ਨੂੰ ਪਿੱਟਦੀ ਏ ਏਧਰ ਪੰਥ ਵੀ ਵੱਟਦਾ ਘੂਰੀਆਂ ਨੇ।



ਤੀਜੀ ਆਈ ਸ਼ਤਾਬਦੀ ਪੰਥ ਦੀ ਏ ਫੱਕਰਾ, ਵੇਖ ਲੈ ਹਾਲ ਅਕਾਲੀਆਂ ਦਾ।
ਸਿਰ ਪੰਥ ਦੇ ਖੇਹ ਪਵਾਈ ਕੀਕਰ ਕਿੱਸਾ ਦੱਸੀਏ ਕਿਵੇਂ ਮੰਦਹਾਲੀਆਂ ਦਾ।
ਖੜਕੇ-ਖਾੜਕੂ ਖਿੱਚਦੇ ਨੇ ਖੂਹ ਕਿਉਂਕਰ ਬੁਰਾ ਦੁੱਖ ਗਲ ਪਈਆਂ ਪੰਜਾਲੀਆਂ ਦਾ।
ਬਹੁਤਾ ਦੁੱਖ ਤਾਂ ਪੰਥ ਦੇ ਢਿੱਡ ਦਾ ਈ ਓਦੂੰ ਬਹੁਤੜਾ ਬਾਹਰੀਆਂ ਤਾਲੀਆਂ ਦਾ।
ਗੱਲ ਅਣਖ ਤੇ ਪੰਥ ਦੀ ਦੂਰ ਰਹਿ ਗੀ ਗੱਲ ਚੱਲ ਪਈ ਅੱਜ ਰਿਆਸਤਾਂ ਦੀ।
ਕੌਣ ਪੁੱਛਦੈ ਪੰਜਾਂ ਪਿਆਰਿਆਂ ਨੂੰ ਜਿੱਥੇ ਚੱਲ ਪਏ ਗੱਲ ਸਿਆਸਤਾਂ ਦੀ ?

ਜਥੇਦਾਰਨੀ ਆਖਦੀ ਜਥੇਦਾਰਾ! ਆਪਾਂ ਕੁੜੀ ਦਾ ਭਾਈ ! ਵਿਆਹ ਕਰੀਏ।
ਨੂੰਹ ਘਰ ਆਵੇ, ਮੁੰਡਾ ਕੰਮ ਲੱਗੇ ਲੱਗ ਨੁੱਕਰੇ ਭਾਵੇਂ ਨਿਰਬਾਹ ਕਰੀਏ।
ਐਵੇਂ ਪੰਥ ਦੀਆਂ ਯੱਭਲੀਆਂ ਮਾਰਦਾ ਰਿਹੈਂ ਇਹਨਾਂ ਗੱਲਾਂ ਦੀ ਨਹੀਂ ਪ੍ਰਵਾਹ ਕਰੀਏ।
ਕੋਈ ਚਾਓ-ਮਲ੍ਹਾਰ ਤੂੰ ਪੂਰਿਆ ਨਾ ਕਾਹਨੂੰ ਏਸ ਤਰ੍ਹਾਂ ਜਿੰਦ ਤਬਾਹ ਕਰੀਏ।
ਤੈਥੋਂ ਸਾਡੇ ਲਈ ਸਰੀ ਨਾ ਇੱਕ ਚੁੰਨੀ ਵੇਖ ਵਿਹੰਦਿਆਂ ਲੋਕ ਅਮੀਰ ਬਣ ਗਏ।
ਮੇਰੇ ਨੰਗ-ਮਲੰਗ ਨਿਹੰਗ ਸਿੰਘਾ! ਅੱਖਾਂ ਬਦਲਦੇ ਲੋਕ ਵਜ਼ੀਰ ਬਣ ਗਏ।

ਚੋਰ ਭੱਜਿਆ ਆਪਣੀ ਪੰਡ ਲੈ ਕੇ ਇਹਦੀ ਪੰਥ ਨੂੰ ਬਹੁਤ ਵਧਾਈ ਹੋਵੇ।
ਡੋਰ ਪੰਥ ਦੀ ਬੀਬੀਆਂ ਹੱਥ ਆ'ਗੀ ਇਹ ਵੀ ਪੰਥ ਨੂੰ ਇੱਕ ਸੁਣਵਾਈ ਹੋਵੇ।
ਮਾਈ ਭਾਗੋ ਦਾ ਬੀਬੀ ਸਰੂਪ ਬਣ ਜੇ ਸ਼ਾਨ ਖਾਲਸੇ ਦੀ ਦੂਣ-ਸਵਾਈ ਹੋਵੇ।
ਢੋਵੇ ਟੌਹੜੇ ਦਾ ਕੂੜਾ ਕਮੇਟੜੀ 'ਚੋਂ ਜੂਹ ਪੰਥ ਦੀ ਉਹਨੇ ਰੁਸ਼ਨਾਈ ਹੋਵੇ।
ਕੰਮ ਬੰਦਿਆਂ ਦੇ ਬਖਸ਼ੇ ਬੀਬੀਆਂ ਨੂੰ ਵੇਖੋ ਮਿਹਰ ਦੀ ਛੱਤਰੀ ਕਿੰਜ ਤਾਣਦਾ ਏ।
ਛੱਬੀ ਸਾਲ ਪਤਾਸੜੇ ਅੱਖ ਭੋਰੇ ਰੱਬ ਸੱਭੇ ਸ਼ੈਤਾਨੀਆਂ ਜਾਣਦਾ ਏ।

ਦਿੱਤਾ ਟੌਹੜੇ ਸ਼ੈਤਾਨ ਬਿਆਨ ਸੋਹਣਾ ਮੈਂ ਤਾਂ ਤਖ਼ਤ ਦਾ ਤਾਬਿਆਦਾਰ ਰਹਿਣਾ।
ਹੁੰਦੇ ਹੁਕਮ ਨੇ ਸਦਾ ਇਲਾਹੀ ਏਥੋਂ ਮੈਂ ਤਾਂ ਮੰਨਣ ਲਈ ਤਿਆਰ-ਬਰ-ਤਿਆਰ ਰਹਿਣਾ।
ਮੈਂ ਨਹੀਂ ਦੇਣਾ ਅਸਤੀਫਾ ਪ੍ਰਧਾਨਗੀ ਤੋਂ ਸਿੰਘ ਸਾਹਿਬ ਦਾ ਹੁਕਮ-ਬਰਦਾਰ ਰਹਿਣਾ।
ਬਾਦਲ, ਪੰਥ ਦੀ ਪੱਟੀ ਹੈ ਮੇਸ ਕਰਦਾ ਤੁਸੀਂ ਖਾਲਸਾ ਜੀ ਖਬਰਦਾਰ ਰਹਿਣਾ।
ਕੁਰਸੀ ਡੋਲੀ ਤਾਂ ਹੁਕਮ ਇਕਰਾਰ ਭੁੱਲੇ ਨਾਲ ਭੁੱਲੀਆਂ ਸਭੈ ਸ਼ੈਤਾਨੀਆਂ ਨੇ।
ਟੌਹੜਾ ਸ਼ੇਰ ਤੋਂ ਅੰਤ ਖਰਗੋਸ਼ ਬਣਿਆ ਭਾਵੇਂ ਦਿੱਤੀਆਂ ਲੱਖ ਘਚਾਨੀਆਂ ਨੇ।

(ਅਪ੍ਰੈਲ, 1999)

## 22.

ਕਾਹਦੀ ਬਾਦਲਾ ਤੈਂਡੜੀ ਬਾਦਸ਼ਾਹੀ ? ਵੇਖ ਕਿਵੇਂ ਤੂੰ ਈਸੀਆਂ ਭੋਰੀਆਂ ਨੇ।
ਕਿੱਥੇ ਤੂੰ ਬਰਨਾਲੇ ਤੋਂ ਘੱਟ ਰਹਿਓ ? ਚਿੱਟੀਆਂ ਫੌਜਾਂ ਹਰਿਮੰਦਰ ਨੂੰ ਤੋਰੀਆਂ ਨੇ।
ਟੌਹੜੇ ਹੋਰਾਂ ਤੋਂ ਵਧਕੇ ਤੈਂ ਕੀਤੀਆਂ ਪੰਥ ਦੇ ਘਰ ਕਿਓਂ ਚੋਰੀਆਂ ਨੇ ?
ਅਸੀਂ ਦਿੱਲੀ ਦੀਆਂ ਸੀਨੇ ਖਾ ਸਬਰ ਕੀਤਾ ਵਧਕੇ ਕੀਤੀਆਂ ਤੂੰ ਸੀਨਾ-ਜ਼ੋਰੀਆਂ ਨੇ।
ਸਾਡੇ ਸਤਿਆਂ ਦੇ ਸੀਨੇ 'ਚੋਂ ਆਹ ਨਿਕਲੇ ਟੁੱਟਜੇ ਤੇਰੀ ਵਜ਼ਾਰਤ ਤੜੱਕ ਕਰਕੇ।
ਤੇਰੀ ਆਸ ਦਾ ਦੀਵੜਾ ਗੁੱਲ ਹੋਜੇ ਲਾਲਟੈਣ ਜਿਉਂ ਬੁਝੇ ਭੜੱਕ ਕਰਕੇ।

ਗੱਲ ਧੋਤੀਆਂ-ਸਾੜ੍ਹੀਆਂ ਲੱਗੇ ਸੋਹਣੀ ਭੁੱਲੇ ਚਾਅ ਨੇ ਸਿੱਖਾਂ ਕਛਹਿਰਿਆਂ ਦੇ।
ਰੰਡੀ ਮੁੱਛ ਦਾ ਮੱਛਰਨਾ ਲੱਗੇ ਚੰਗਾ ਹੋਏ ਦੂਰ ਨੇ ਭਾਓ ਮੁੱਛਹਿਰਿਆਂ ਦੇ।
ਕਿਹੜੀ ਪੰਥ ਨੂੰ ਪੜੀ-ਪ੍ਰਵਾਹ ਰਹਿਗੀ ? ਪੁੱਤਾਂ ਆਪਣੇ ਖ਼ੂਨ ਵਿੱਚ ਲਹਿਰਿਆ ਦੇ।
ਪਾਣੀ ਮਾਂਵਾਂ ਦੀ ਅੱਖੀਓਂ ਸਿੰਮਦੇ ਨੇ ਲੋੜ ਘਰ ਨਹੀਂ ਜਾਣ ਦੀ ਮਹਿਰਿਆਂ ਦੇ।
ਤੁਰਗੇ ਖਾੜਕੂ ਮੁੜਕੇ ਨਹੀਂ ਘਰੀਂ ਮੁੜਨੇ ਪੱਲੇ ਪੈਣੀ ਨਾ ਗੱਲ ਪੰਜਾਬ ਦੀ ਏ।
ਬਾਣੀ ਛੱਡ ਕੇ ਬਾਣੀਆਂ ਨਾਲ ਮਿਲਗੇ ਗੱਲ ਸਿੱਖਾਂ ਦੇ ਹਸ਼ਰ-ਅਜਾਬ ਦੀ ਏ।

ਜਥੇਬੰਦੀ ਦੀ ਮੀਟਿੰਗ ਤੋਂ ਹੋਇ ਫ਼ਾਰਗ ਘਰੇ ਆਣਕੇ ਲਾਹੀਆਂ ਸਿੰਘ ਭੂਰੀਆਂ ਨੇ।
ਵੱਜਾ ਵੇਲਣਾ ਹਿੱਕ ਵਿੱਚ ਤਾੜ੍ਹ ਕਰਦਾ ਚਾਹੁੰਦੇ ਸਿੰਘ ਜੀ ਦਿਲੋਂ ਸਨ ਚੂਰੀਆਂ ਨੇ।
ਮੈਂ ਨਹੀਂ ਭੁੱਲੀ ਤੂੰ ਮੀਟਿੰਗਾਂ ਕਿਓਂ ਕਰਦੈਂ ? ਬਾਹਰ ਜਾਣ ਲਈ ਲੈਨੇਂ ਕਿਉਂ ਲੂਰੀਆਂ ਨੇ।
ਕਦੇ ਬਿੱਲ ਬੇਸ਼ਰਮਾ ਨਾ ਤਾਰ ਹੋਏ ਲੁੱਲਰ ਲਾਏ ਤੂੰ ਪਾ ਤੀਆਂ ਪੂਰੀਆਂ ਨੇ।
ਬੈਠ ਸਿੰਘਣੀ ਘੂਰਦੀ ਸਿੰਘ ਨੂੰ ਇਓਂ-ਰਹਿਣਾ ਆਏਂ ਜੇ ਪੁੱਤ ਤਲਾਕ ਕਰ ਲੈ।
ਵੇ ਮੈਂ ਟਿਕਟ ਲਾ ਆਪੇ ਜਹਾਜ਼ ਚੜ੍ਹਜੂੰ ਅੱਧੋ-ਅੱਧ ਤੂੰ ਅੱਜ ਜੁਆਕ ਕਰ ਲੈ।

ਇੱਕ ਦਿਨ ਸਾਧੂ ਤੇ ਇੱਕ ਨਿਹੰਗ ਸਿੰਘ ਜੀ ਗੱਲਾਂ ਧਰਮ ਦੀਆਂ ਬੈਠ ਵਿਚਾਰਦੇ ਰਹੇ।
ਦੋਨੋਂ ਦੁਨੀਆਂ ਤੋਂ ਸਤੇ ਸਨ ਸਦੀਆਂ ਦੇ ਜਿਓਂ ਬਹੁਤ ਇਧਰਲੀਆਂ-ਉਧਰਲੀਆਂ ਮਾਰਦੇ ਰਹੇ।
ਕਰ ਕਰ ਚਰਚਾ ਵੇਦਾਂਤਾਂ ਤੇ ਬਾਣੀ ਸੰਦੀ ਜਿਵੇਂ ਗੰਧਲੇ ਪਾਣੀ ਨਿਤਾਰਦੇ ਰਹੇ।
ਫੇਰ ਪੰਥ ਦੀ ਵਿੱਚ ਇੱਕ ਗੱਲ ਤੁਰਪੀ ਗੱਲ 'ਕਾਲੀਆਂ ਸੰਦੀ ਨਿਖਾਰਦੇ ਰਹੇ।
ਸਾਧੂ ਅੰਤ ਤੇ ਪੁੱਛਿਆ ਨਿਹੰਗ ਨੂੰ ਫਿਰ ਟੌਹੜੇ-ਬਾਦਲ ਦੀ ਕੇਹੀ ਲੜਾਈ ਹੈ—ਦੱਸ ?
ਕੁਰਸੀ ਸਾਧੂ ਦੀ ਖਿੱਚ ਨਿਹੰਗ ਪੁੱਛੇ ਤੇਰੇ ਗਿਆਨ ਦੀ ਸੁਆਹ ਡੂੰਘਿਆਈ ਹੈ—ਦੱਸ ?



ਫੈਡਰੈਸ਼ਨ ਦਾ ਫੱਕਰਾ ਫ਼ਿਕਰ ਕਾਹਦਾ ? ਫੈਡਰੇਸ਼ਨ ਹੈ ਲੋਹੇ ਦੀ ਲੱਠ ਵਰਗੀ।
ਭੁੱਲ ਜਾਈਏ ਅਸੀਂ ਅਕਾਲੀਆਂ ਦੀ ਰੀਸ ਹੁੰਦੀ ਨਾ ਕੋਈ ਵੀ 'ਕੱਠ ਵਰਗੀ।
ਗੱਲ ਕੋਈ ਨਾ ਮਹਿਰਮਾ ਜੱਗ ਤੇ ਓਇ ਮੀਚੀ ਮੁੱਠ ਵਰਗੀ ਬੱਝੀ ਗੱਠ ਵਰਗੀ।
ਏਨੀ ਏਕਤੈ ਤੀਜੀ ਸ਼ਤਾਬਦੀ ਤੇ ਗੱਲ ਵੇਖ ਲੈ ਸਿੱਖਾਂ ਦੀ ਚੱਠ ਵਰਗੀ।
ਫੈਡਰੇਸ਼ਨ ਦੇ ਘੁੰਡ ਦੀ ਗੱਲ ਕਰਦੈਂ ? ਅੱਖਾਂ ਬਾਦਲ ਤੇ ਪੰਥ ਨੂੰ ਮਾਰਦੀ ਏ।
ਪੰਥ ਵਾਲੜੀ ਅੱਖ ਪਛਾਣ ਸਿੱਖਾ ਛੱਡ ਅੱਖ ਜੋ ਸਿੱਖਾਂ ਨੂੰ ਚਾਰਦੀ ਏ !

ਸਮੇਂ ਸਮੇਂ ਦੀ ਗੱਲ ਹੈ ਸ਼ੇਰ ਸਿੰਘਾ ! ਟੌਹੜਾ ਲਿਸ਼ਕਦਾ ਸੀ ਕੱਲ੍ਹ ਜ਼ਰੀ ਵਾਂਗੂੰ।
ਬਾਦਲ ਬੂਝੜ੍ਹ ਜਿਹੇ ਜੱਟ ਵਲ੍ਹੇਟ ਦਿੱਤਾ ਐਨ੍ਹ ਵੇਖਲਾ ਕਿਸ ਤਰ੍ਹਾਂ ਦਰੀ ਵਾਂਗੂੰ।
ਕੰਨ ਸਿੱਖ-ਸਿਆਸਤ ਦੇ ਕੁਤਰਦਾ ਸੀ ਧਰਕੇ ਕੁਤਰਤਾ ਵੇਖਲਾ ਚਰ੍ਹੀ ਵਾਂਗੂੰ।
ਆਗ ਲਾਹ ਸਿਆਸਤ ਦੇ ਛਿੱਲਿਓ ਨੇ ਤੋਰ ਦਿੱਤਾ ਕਮਾਦ ਦੀ ਭਰੀ ਵਾਂਗੂੰ।
ਤੁਰਦੇ ਜਾਂਦਿਆਂ ਡੋਲੀ 'ਚੋਂ ਧਾਹ ਮਾਰੀ ਜਾਣ ਆਪਣੀ ਫੇਰ ਬੁਲਾ ਪੰਥਾ।
ਚੰਡੀਗੜ੍ਹ ਵੱਲ ਫੇਰ ਨਹੀਂ ਮੂੰਹ ਕਰਦੀ ਮੈਨੂੰ ਅੰਬਰਸਰ ਘਰੇ ਵਸਾ ਪੰਥਾ।

(ਮਈ, 1999)

## 23.

### ਨੇਤਾ

ਕਦੇ ਸਿਆਸੀ ਬਗਲੇ ਨਾ ਇਹ ਨਿਭਣ ਕਿਸੇ ਦੇ ਨਾਲ।
ਝੂਠੇ ਦਿਲ ਨੂੰ ਦੇਹ ਧਰਵਾਸੇ ਐਵੇਂ ਭਰਮ ਨਾ ਪਾਲ।

ਲੀਡਰ ਨਾਲ ਖਿਚਾਈ ਫੋਟੋ ਕਿਹੜੇ ਤੇਰੇ ਕੰਮ ?
ਜਿਸਨੇ ਕੋਈ ਕੰਮ ਨਾ ਕਰਨਾ ਵਫ਼ਾ ਨਾ ਰਤੀ ਰਵਾਲ।

ਜਿਸਦੇ ਨਾਲ ਵਿੱਚ ਮੁਫ਼ਤੀ ਅਚਕਨ ਅੱਖੀਂ ਮੁਫ਼ਤੀ ਐਨਕ
ਉਸ ਭੁੱਖੇ ਤੋਂ ਭੋਲੇ ਪੰਛੀ ਤੂੰ ਨਾ ਕੁਝ ਵੀ ਭਾਲ।

ਬੁੱਧਵਾਰ ਜੋ ਵਾਅਦਾ ਕਰਕੇ ਵੀਰਵਾਰ ਨੂੰ ਬਦਲੇ
ਕਿੱਥੋਂ ਪੂਛ ਫੜਾਊ ਤੈਨੂੰ ਭਲਿਆ ਅਗਲੇ ਸਾਲ ?

ਸਿੱਧੇ ਸਾਦੇ ਉਸ ਖਚਰੇ ਦਾ ਲੱਛੇਦਾਰ ਬਿਆਨ
ਝੱਲਿਆ ਸੁਣ ਸੁਣ ਕੇ ਤੂੰ ਐਵੇਂ ਹੁੰਦਾ ਰਹੇਂ ਨਿਹਾਲ।

ਭਾਸ਼ਣ ਸੁਣ ਕੇ ਘਰ ਨੂੰ ਮੁੜਿਆ ਮੁੜ ਆ ਪਿਛਲੇ ਪੈਰੀਂ
ਕਾਰ 'ਚ ਬਹਿੰਦਾ ਪੱਗ ਨਾ ਲੈ ਜਾਏ ਤੇਰਾ ਲਾਲ-ਗੁਪਾਲ।

ਵੇਖ ਕਦੇ ਕਰਵਾ ਕੇ ਫ਼ੱਕਰਾ ਨਲਕੇ ਦਾ ਉਦਘਾਟਨ
ਹੱਥ ਖੂੰਡੀ ਫੜਵਾ ਕੇ ਤੇਰੇ ਡੰਡੀ ਲੈ ਜਾਊ ਨਾਲ।

## 24.

### ਕੁੱਤਕਾ

ਲੀਡਰ ਉਸ ਨੂੰ ਆਖਦੇ ਜੋ ਜਨ ਚਾਰੇ ਲੋਕ।
ਪੀਵੇ ਵਿਸਕੀ ਲੇੜ੍ਹਕੇ ਲੋਕਾਂ ਦੱਸੇ ਕੋਕ।
ਪਾਛੂ ਚਾਰੇ ਪਸ਼ੂ ਵਾਂਗ ਮੰਜੀ ਦੇਵੇ ਠੋਕ।
ਝਾਕੇ ਕੁਰਸੀ ਵੱਲ ਜਿਉਂ ਤੁੱਕੀਂ ਝਾਕੇ ਬੋਕ।
ਚਿੰਬੜੇ ਪਿੰਡੇ ਕੌਮ ਦੇ ਮੱਝ ਲੇਵੇ ਜਿਉਂ ਜੋਕ।
ਲੋਕ ਸੰਵਾਰੇ ਆਪਣਾ ਕੌਮ ਜਾਵੇ ਪਰਲੋਕ।
ਮੁਫਤ ਪੜ੍ਹੇ ਜੋ ਪਤ੍ਰਿਕਾ ਅਸਲੀ ਲੀਡਰ ਉਹ।
ਚੰਦਾ ਲੈਣਾ ਲੀਡਰੋਂ ਜਿਓਂ ਸੰਢਾ ਲੈਣਾ ਚੋ !!

## 25.

ਕੱਢੇ ਇਓਂ ਵੇਦਾਂਤੀ ਅਕਾਲ ਤਖਤੋਂ ਜਿਵੇਂ ਮੱਖਣ 'ਚੋਂ ਕੱਢੀਦੈ ਵਾਲ਼ ਮੀਆਂ।
ਐਨ ਮੋਮ ਬਣਾਇਕੇ ਤੋਰਿਓ ਨੇ ਕੱਲ੍ਹ ਹੁੰਦੜੇ ਸਨ ਜੋ ਢਾਲ ਮੀਆਂ।
ਫੂਲਾ ਸਿੰਘ ਹੁਣ ਪੰਥ ਵਿੱਚ ਉਹ ਬਣਦੈ ਤੁਰਦੈ ਹੁਕਮ ਦੇ ਜੋ ਨਾਲੋ ਨਾਲ ਮੀਆਂ।
ਪਰਚੀ ਜੇਬ 'ਚੋਂ ਕੱਢ ਕੇ ਦੇਣ ਹਾਸੇ ਲਾਹ ਕੇ ਰੋਂਦਿਆਂ ਦੇਣ ਰੁਮਾਲ ਮੀਆਂ।
ਰੁੱਸ ਗਈ ਕਮੇਟੀ ਸਰਕਾਰ ਰੁੱਸੀ ਰਿਸ਼ਤਾ ਟੁੱਟਿਆ ਹਾਏ ਪਿਆਰ ਵਾਲਾ।
ਜਦੋਂ ਯਾਰੀਆਂ ਸਾਰੀਆਂ ਟੁੱਟ ਗਈਆਂ ਚੇਤਾ ਆ ਗਿਆ ਚੰਗਾ ਸੁਧਾਰ ਵਾਲਾ।।

ਵੇਖ ਚਾਖ ਅਰੂਸਾ ਨੇ ਆਖਿਆ ਸੀ ਗੱਲ ਵੱਖਰੀ ਮੇਰੇ ਕਪਤਾਨ ਦੀ ਏ।
ਇਹਦੇ ਬਦਲ ਵਿੱਚ ਬਾਦਲ ਨਹੀਂ ਇੱਕ ਭੋਰਾ ਗੱਲ ਧੁੰਮੀ ਹੋਈ ਜੱਗ-ਜਹਾਨ ਦੀ ਏ।



ਜਿੱਧਰ ਪਵੇ ਇਹ ਉੱਤਰਦਾ ਹੈ ਪੂਰਾ ਗੱਲ ਤਦੇ ਮੈਂ ਮੰਨੀ ਕਮਾਨ ਦੀ ਏ।
ਇਹਨੂੰ ਸਿੱਖ ਤਾਂ ਕੁਝ ਨਹੀਂ ਜਾਣ ਸਕੇ, ਗੱਲ ਬੁੱਝੀ ਮੈਂ ਪੂਰੀ ਈਮਾਨ ਦੀ ਏ।
ਫ਼ੱਕਰ ਕਿਹਾ—ਇਹ ਬੀਬੀ ਜੀ ਕੀ ਆਖੋ? ਧੁੱਕੀ ਕੱਢ ਦਿਊ ਇਹ ਅਕਾਲੀਆਂ ਦੀ?
ਬੀਬੀ ਕਿਹਾ ਸ਼ਰਮਾਇ—ਮੈਂ ਕੀ ਜਾਣਾਂ? ਪੰਥਕ-ਬਾਗ਼ ਦੇ ਅੱਥਰੇ ਮਾਲੀਆਂ ਦੀ।

ਜਥੇਦਾਰ ਜੀ! ਨਵੇਂ ਹੋ ਜੀ-ਆਇਆਂ!! ਪੰਥ ਨਵਿਆਂ ਦਾ ਕਰੇ ਸਤਿਕਾਰ ਸੋਹਣਾ।
ਬਣਨ ਸਾਰ ਦਸਤਾਰ ਦਸਤਾਰ ਬੱਝੇ ਪਵੇ ਸੀਸ 'ਤੇ ਚੰਗਾ ਈ ਭਾਰ ਸੋਹਣਾ।
ਭਾਰਾ ਮਾਮਲਾ ਪੰਥ ਦਾ ਪਵੇ ਸਿਰ ਤੇ ਸੀਸ ਓਹੀ ਫਿਰ ਹੋਵੇ ਉਲਾਰ ਸੋਹਣਾ।
ਇਹਨੂੰ ਆਏਂ ਨਜਿੱਠਣੈਂ ਆਏਂ ਕਰਨੈਂ ਚੰਡੀਗੜ੍ਹ ਤੋਂ ਕਹੇ ਦਿਲਦਾਰ ਸੋਹਣਾ।
ਜੇ ਨਾ ਕਰੋਂ ਤਾਂ ਬਿਸਤਰਾ ਪਵੇ ਮੋਢੇ ਹੋ ਗਈ ਨੌਕਰੀ ਕੱਚ ਦੀ ਵੰਗ ਵਰਗੀ।
ਬਣ ਗਏ ਕੌਮੀ-ਜਰਨੈਲ ਮਜ਼ੂਰ ਅੱਜ ਕੱਲ੍ਹ ਗੱਲ ਲੱਦ ਗਈ ਫੂਲੇ ਨਿਹੰਗ ਵਰਗੀ!!

ਹੱਸੇ ਮੁਸਕਣੀ ਸਾਡੇ ਮਨਮੋਹਨ ਸਿੰਘ ਜੀ ਮਿਲੀ ਟਰਮ ਕਿ ਅਕਲ ਨੂੰ ਵੋਟ ਮਿਲ ਗਈ।
ਕੀ ਜੇ ਭਲਾ ਅਕਾਲੀ ਇਹ ਦਗ਼ਾ ਦੇ ਗਏ ਵੇਖੋ ਸਿੰਘ ਨੂੰ ਗੁਰੂ ਦੀ ਓਟ ਮਿਲ ਗਈ।
ਰਾਸ ਕਿਸੇ ਨੂੰ ਕਿਸੇ ਨੂੰ ਮਾਂਹ ਬਾਦੀ ਮਿਲੀ ਸੋਨੀਆ ਕਿਸਤਰ੍ਹਾਂ ਲੋਟ ਮਿਲ ਗਈ।
ਮਿਲੀ ਮੋਹਣੇ ਨੂੰ ਨਸ਼ੇ ਦੀ ਕਿਵੇਂ ਸ਼ੀਸ਼ੀ ਵੇਖੋ ਕਿਵੇਂ ਅਡਵਾਨੀ ਨੂੰ ਤੋਟ ਮਿਲ ਗਈ।
ਸਭੇ ਹੱਥ ਕਰਤਾਰ ਦੇ ਸ਼ੇਰ ਸਿੰਘਾ ਆਪੇ ਸਿੱਧੀਆਂ ਪੁੱਠੀਆਂ ਪਾਂਵਦਾ ਈ!
ਇੱਕ ਤਾਂ ਲੈਣ ਰਜਾਈਆਂ ਵਿੱਚ ਮਸਤ-ਮੌਜਾਂ ਇਕਨਾਂ ਕੁਲਫ਼ੀਆਂ ਬਾਹਰ ਜਮਾਂਵਦਾ ਈ!

(22 ਨਵੰਬਰ,08)

## 26.

ਬਿਗਲ ਆਣ ਕੇ ਵੱਜਿਆ ਚੋਣ ਸੰਦਾ ਦੋਵੇਂ ਬਾਦਸ਼ਾਹੀ ਫ਼ੌਜਾਂ ਭਾਰੀਆਂ ਨੇ।
ਇੱਕ ਪਾਸੇ ਸਰਕਾਰ ਤੇ ਦੂਏ ਰਾਜਾ ਮਰਨ ਮਾਰਨ ਦੀਆਂ ਖ਼ੂਬ ਤਿਆਰੀਆਂ ਨੇ।
ਦੋਹਾਂ ਧਿਰਾਂ ਨੇ ਥਾਪੜੇ ਦੇ ਫ਼ੌਜਾਂ ਵਣਾਂ ਵਾਲੀ ਤੇ ਲੰਬੀ ਉਤਾਰੀਆਂ ਨੇ।
ਧੂੰਆਂਧਾਰ ਮੈਦਾਨ ਘਸਮਾਨ ਬਣਿਆ ਤੋਪਾਂ ਡੀਗਾਂ ਦੀਆਂ ਰੱਜ ਕੇ ਮਾਰੀਆਂ ਨੇ।
ਪੜ੍ਹ ਕੇ ਖ਼ਬਰ ਨਾ ਰੋਕਿਆ ਗਿਆ ਹਾਸਾ ਕਿਹਾ ਫ਼ੱਕਰ—ਤੂੰ ਹਾਸੇ ਨੂੰ ਰੋਕ ਬਾਬਾ!
ਵੋਟ ਵੋਟ ਵੱਲ ਝਾਕਣਾ ਲੀਡਰਾਂ ਨੇ ਝਾਕੇ ਤੁੱਕਿਆਂ ਨੂੰ ਜੀਕੂੰ ਬੋਕ ਬਾਬਾ!!

ਜਿਹੜਾ ਪੈੜ ਦੇ ਵਿੱਚ ਨਾ ਪੈਰ ਰੱਖੇ ਉਹਨੂੰ ਸੰਗੀ ਬਣਾਉਣ ਦਾ ਕੀ ਫਾਇਦਾ?
ਕੀਤੀ ਮਨੋਂ ਪ੍ਰੀਤ ਜੋ ਨਹੀਂ ਮੰਨੇ ਉਹਨੂੰ ਕੁਰਸੀ ਬਿਠਾਉਣ ਦਾ ਕੀ ਫਾਇਦਾ?

ਕਹੀਏ ਦਿਨ ਉਹ ਦਿਨ ਨੂੰ ਰਾਤ ਆਖੇ ਐਸੇ ਚੰਦ ਚੜ੍ਹਾਉਣ ਦਾ ਕੀ ਫਾਇਦਾ?
ਦਿੱਤੀ ਚਾਬੀ ਨਾ ਲੱਗੇ ਖਜ਼ਾਨਿਆਂ ਨੂੰ ਐਸੀ ਚਾਬੀ ਘੁੰਮਾਉਣ ਦਾ ਕੀ ਫਾਇਦਾ?
ਧੁਖਦੀ ਅੱਗ ਨੂੰ ਖੀਸੇ ਵਿੱਚ ਪਾਇ ਤੁਰੀਏ ਸਾਨੂੰ ਪੌਂਹਦਾ ਨਹੀਂ ਇਹੋ ਜਿਹਾ ਲੋਕ-ਤੰਤਰ!
ਪਰਚੀ ਕੱਢਕੇ ਅਸੀਂ ਹਾਂ ਪਾੜ ਸਕਦੇ ਸਿੱਖੇ ਭਾਜਪਾ ਤੋਂ ਅਸੀਂ ਬਹੁਤ ਮੰਤਰ!!

ਬੈਠੇ ਸੋਫ਼ੇ ਤੇ ਸੋਚੇ ਸ਼ਰੀਫ਼ ਮੀਆਂ ਗੁਣਾ ਕਿਵੇਂ ਜ਼ਰਦਾਰੀ ਦਾ ਪੈ ਗਿਆ ਈ।
ਮੂੰਹ ਤੇ ਹਾਸੜੇ ਬਗਲ ਵਿੱਚ ਛੁਰੀ ਹੋਸੀ? ਵੱਡਾ ਸਾਨੂੰ ਭੁਲੇਖੜਾ ਲੈ ਗਿਆ ਈ।
ਮਸੀਂ ਬਚੇ ਕੁਰੱਪਸ਼ਨ ਦੇ ਜਾਲ਼ ਵਿੱਚੋਂ ਮੂਹਰੇ ਸੱਚ ਦੇ ਪੰਗੜਾ ਡਹਿ ਗਿਆ ਈ।
ਬਣੀ ਨ੍ਹੌਅਰ ਨਾ ਹਾਏ ਨਾ ਹਿੰਡ ਪੁੱਗੀ ਚਾਓ ਦਿਲੇ ਦਾ ਦਿਲੇ ਵਿੱਚ ਰਹਿ ਗਿਆ ਈ।
ਆਖੇ ਆਪ ਨੂੰ ਇੱਕ ਤਾਂ ਹੋਈ ਚੰਗੀ ਲੱਗਾ ਕਿਵੇਂ ਮੁਸ਼ੱਰਫ਼ ਨੂੰ ਟੁੱਲ ਮੀਆਂ!
ਭਾਜੜ ਪਈ ਤੋਂ ਆਪੇ ਹੀ ਲਹਿ ਜਾਣਾ ਜਿਹੜਾ ਪਿਆ ਜ਼ਰਦਾਰੀ ਨੂੰ ਝੁੱਲ ਮੀਆਂ!!

ਸਿਰ ਤੇ ਚੋਣ ਅਕਾਲੀਆਂ ਸਿਰ ਜੋੜੇ! ਬਹੁਤ ਕਿਸਤਰਾਂ ਕੋਈ ਬਣਾਈਏ ਜੀ।
ਸਿਰਸੇ ਵਾਲੇ ਦੇ ਤੱਤੜੇ ਮਸਲੜੇ ਨੂੰ ਜੱਥੇਦਾਰ ਦੇ ਰਾਹੀਂ ਸੁਲਝਾਈਏ ਜੀ।
ਕਾਹਤੋਂ ਬਲ਼ਦੀ ਦੇ ਬੂਥੜੇ ਆਵਣਾ ਈ ਮੱਚੜੀ ਅੱਗ 'ਤੇ ਡੋਲਣਾ ਪਾਈਏ ਜੀ।
ਭਾਰਾ ਮਾਮਲਾ ਐਵੇਂ ਨਹੀਂ ਚੱਕ ਹੋਣਾ ਫ਼ਾਲ ਤਖਤ ਅਕਾਲ ਦੀ ਲਾਈਏ ਜੀ।
ਅੱਗੇ ਵਾਂਗੂੰ ਨਾ ਪੂਰਿਆ ਸੰਖ ਜਾਵੇ ਕਿਤੇ ਐਤਕੀਂ ਮਾਲਵੇ ਵਿੱਚ ਭਾਈਓ!
ਆਵੋ ਆਪਾਂ ਵੀ ਅਕਲ ਦੀ ਕੋਈ ਕਰੀਏ ਕਰੇ ਰਾਜਾ ਜਾਂ ਸਾਧ ਨਾ ਜਿੱਚ ਭਾਈਓ!!

(27 ਸਤੰਬਰ, 08)

## 27.

ਲਿਆ ਗੋਦ ਪਟਿਆਲਾ ਕੀ ਖ਼ੂਬ ਕੀਤੀ ਬਾਦਲ ਕਰੀ ਆਖਰ ਜੇਹੀ ਕਰੇ ਅਕਸਰ।
ਕਿੰਨਾ ਪੁੱਤ ਪਿਆਰਾ ਸੁਖਬੀਰ ਵੇਖੋ ਦਾਖਲ ਕੀਤੋਸੁ ਕਿਸ ਤਰਾਂ ਜਾਇ ਦਫ਼ਤਰ।
ਪਿਛਲੀ ਉਮਰ ਇਹ ਕਿਹੋ ਜੀਹ ਤਾਂਘ ਜਾਗੀ? ਹੱਸਣ ਆਪਸ ਮੇਂ ਆਖ ਕੇ ਇਉਂ ਅਫ਼ਸਰ।
ਨੇਤਾ ਬਦਲਦੇ ਅੱਜ ਕੱਲ੍ਹ ਰਿਸ਼ਤਿਆਂ ਨੂੰ ਜਿਵੇਂ ਵਹੁਟੀਆਂ ਬਦਲਦੀਆਂ ਹਨ ਵਸਤਰ।
ਹੁੰਦੇ ਲੀਡਰਾਂ ਫ਼ੱਕਰਾਂ ਕੌਣ ਰਿਸ਼ਤੇ ਰਿਸ਼ਤਾ ਲੀਡਰਾਂ ਦਾ ਇੱਕੋ ਇੱਕ ਕੁਰਸੀ!
ਕਿਤੇ ਖਿਸਕ ਨਾ ਜਾਵੇ ਇਹ ਹੋਰ ਪਾਸੇ ਰਹੇ ਘਰ ਦੇ ਹੀ ਵਿੱਚੇ ਵਿੱਚ ਕੁਰਸੀ!!

ਸੱਜਦੇ-ਸੰਵਰਦੇ ਕਿਹਾ ਸ਼ਿਵਰਾਜ ਪਾਟਿਲ—ਹੁੰਦੇ ਬੰਬ ਧਮਾਕੇ ਤਾਂ ਹੋਣ ਦੇਵੋ।
ਇਹ ਤਾਂ ਚੋਂਦਾ ਈ ਰਹਿੰਦਾ ਐ ਕਿਸੇ ਪਾਸੇ ਦਿੱਲੀ ਚੋਂਦਾ ਹੈ ਖ਼ੂਨ ਨੂੰ ਚੋਣ ਦੇਵੋ।



ਭੁੱਖ ਨੌਕਰੀ ਕਿਤੇ ਮਹਿੰਗਾਈ ਵਲੋਂ ਕਿੰਨੇ ਰੋਂਦੇ ਹਨ ਇਹਨਾਂ ਵੀ ਰੋਣ ਦੇਵੋ।
ਗੰਦ ਸੜਕਾਂ 'ਤੇ ਖਿਲਰਿਆ ਪਿਐ ਕਿੰਨਾ ਪਾਣੀ ਨਹੀਂ ਤਾਂ ਲਹੂ ਨੂੰ ਧੋਣ ਦੇਵੋ।
ਪਹਿਨ-ਪੱਚਰ ਕੇ ਜਲਸੇ ਦੇ ਵਿੱਚ ਜਾਈਏ ਚੱਲੀ ਜਾਣ ਦਿਓ ਇਹਨਾਂ ਪਟਾਕਿਆਂ ਨੂੰ!
ਝੰਡੀ ਵਾਲੜੀ ਕਾਰ ਦੀ ਨੀਂਦ ਮਿੱਠੀ ਅੱਖ ਲਾਉਣ ਦਿਉ ਦੇਸ਼ ਦੇ ਰਾਖਿਆਂ ਨੂੰ!!

ਝਾਰਖੰਡੀਏ ਸ਼ਿੱਬੂ ਸੋਰੇਨ ਦਿੱਤਾ ਦਿੱਤਾ ਗੱਡ ਕੇ ਕਿਵੇਂ ਬਿਆਨ ਵੱਡਾ।
ਰਾਵਣ-ਪੁਤਲੇ ਨੂੰ ਮੈਂ ਨਈਂ ਅੱਗ ਦੇਣੀ! ਉਹ ਸੀ ਪਹੁੰਚਿਆ ਸਾਡਾ ਵਿੱਦਵਾਨ ਵੱਡਾ।
ਵੇਦ ਸ਼ਾਸਤਰ ਸੱਭੇ ਸਨ ਕੰਠ ਉਹਦੇ ਕੁਲ-ਗੁਰੂ ਉਹ ਮੇਰਾ ਮਹਾਨ ਵੱਡਾ।
ਸੁੱਕਾ ਨੰਘ੍ਹਦਾ ਦਸਹਿਰਾ ਤਾਂ ਨੰਘ ਜਾਵੇ ਹੁੰਦਾ ਮੇਰਾ ਨਹੀਂ ਕੋਈ ਨੁਕਸਾਨ ਵੱਡਾ।
ਸ਼ੌਕ ਪੂਰਨ ਨੂੰ ਰਾਵਣ ਈ ਲੱਭਿਆ ਹੈ? ਓਸ ਗੁਜ਼ਰੇ ਨੂੰ ਅਜੇ ਜਲਾਂਵਦੇ ਹੋ!
ਜਿਨ੍ਹਾਂ ਜਿਉਂਦਿਆਂ ਦੇ ਪੁਤਲੇ ਨਿੱਤ ਜਲਦੇ ਹਾਰ ਇਹਨਾਂ ਪਤੰਦਰਾਂ ਪਾਂਵਦੇ ਹੋ!!

ਭਲੇ ਵੇਲੇ ਦੀ ਬਾਤ ਹੈ ਸ਼ੇਰ ਸਿੰਘਾ ਦੂਰ ਰਹਿ ਗਿਆ ਮੇਲਾ ਛਪਾਰ ਵਾਲਾ।
ਜਦੋਂ ਟੋਲੀਆਂ ਬੋਲੀਆਂ ਪਾਉਂਦੀਆਂ ਸੀ ਰੰਗ ਉੱਡ ਗਿਆ ਨਸ਼ੇ-ਗੁਬਾਰ ਵਾਲਾ।
ਰਹੀ ਗੱਲ ਨਾ ਮੇਲੀਆਂ ਗੇਲੀਆਂ ਦੀ ਰਿਸ਼ਤਾ ਰਹਿ ਗਿਆ ਉਹ ਨਾ ਪਿਆਰ ਵਾਲਾ।
ਫ਼ਿਕਰਾਂ ਫ਼ਾਕਿਆਂ ਕਰਜ਼ਿਆਂ ਭਾਰ ਪਾਏ ਮੌਸਮ ਲੰਘ ਗਿਆ ਸਿਰੋਂ ਬਹਾਰ ਵਾਲਾ।
ਕਿੱਧਰ ਮੇਲੇ ਦੀਆਂ ਉੱਡੀਆਂ ਰੌਣਕਾਂ ਉਹ? ਖੁਸਰੇ ਨੱਚਦੇ ਤੇ ਲੋਕੀ ਹੱਸਦੇ ਸਨ!
ਹੁਣ ਤਾਂ ਸਮੇਂ ਦੇ ਹੋਰ ਮੁਹਾਣ ਹੋ ਗਏ ਲੋਕੀ ਹੱਸਦੇ ਤੇ ਲੀਡਰ ਨੱਚਦੇ ਹਨ!!

(2 ਅਕਤੂਬਰ, 08)

## 28.

ਰਾਹੁਲ ਮਿਲਿਆ ਬਠਿੰਡੇ ਵਿੱਚ ਅਮਲੀਆਂ ਨੂੰ ਅਮਲੀ ਮਿਲਦਿਆਂ ਹੀ ਮਾਲੋ-ਮਾਲ ਹੋ ਗਏ।
ਬਾਈ ਦਿੱਲੀ ਤੋਂ ਆਇਆ ਹੈ ਖਾਸ ਸਾਡਾ ਨਾਲ ਖੁਸ਼ੀ ਦੇ ਲਾਲੋ-ਗੁਲਾਲ ਹੋ ਗਏ।
ਭੋਰਾ ਭੁੱਕੀ ਦਾ ਲਿਆਇਆ ਨਹੀਂ ਕੀ ਹੋਇਆ? ਖਾਧੇ-ਪੀਤੇ ਦੇ ਬਿਨਾਂ ਨਿਹਾਲ ਹੋ ਗਏ।
ਕੱਢੂ ਨਸ਼ੇ-ਛਡਾਊ ਕੈਦਖ਼ਾਨਿਆਂ ਚੋਂ ਹਿੱਕ ਥਾਪੜਕੇ ਤਾਂਹੀਏਂ ਹਾਂ ਨਾਲ ਹੋ ਗਏ।
ਮੁੰਡਾ ਬਾਈ ਇਹ ਕੰਮ ਦਾ ਲੱਗਦਾ ਹੈ ਵੋਟਾਂ ਆਈਆਂ ਤਾਂ ਜਮ੍ਹਾਂ ਭੁਗਤਾ ਦਿਆਂਗੇ!
ਨਸ਼ੇ-ਪੱਤੇ ਦੀ ਖੁੱਲ੍ਹੀ ਜੇ ਖੇਡ ਕਰਦੇ ਸਭ ਦੇ ਮੂਹਰਲਾ ਇਹਨੂੰ ਬਣਾ ਦਿਆਂਗੇ!!

ਕੱਢਿਆ ਸਭਾ 'ਚੋਂ ਰਾਜਾ ਭੱਬਕਾਰਿਆ ਇਉਂ—ਜਿੱਥੇ ਜਾਣਗੇ ਇਹ ਲੰਮੇ ਪਾਵਾਂਗਾ ਮੈਂ।
ਮੈਨੂੰ ਪੁੱਜ ਕੇ ਇਹਨਾਂ ਜ਼ਲੀਲ ਕੀਤਾ ਦਾਅ ਲੱਗਿਆ ਤਾਰੇ ਦਿਖਾਵਾਂਗਾ ਮੈਂ।

ਅਪਣੇ ਏਕੜ ਸਤਾਸੀ ਇਹ ਭੁੱਲ ਬੈਠੇ ਬੱਤੀਆਂ ਵਾਲਾ ਹਿਸਾਬ ਬਤਾਵਾਂਗਾ ਮੈਂ।
ਇਹਨਾਂ ਦੋਹਾਂ ਨੂੰ ਸਬਕ ਸਿਖਾਉਣ ਖਾਤਰ ਹਾਈਕੋਰਟੋਂ 'ਤਾਹਾਂ ਦੀ ਜਾਵਾਂਗਾ ਮੈਂ।
ਦੋਵੇਂ ਪਿਓ-ਪੁੱਤ ਮੈਨੂੰ ਇਹ ਰਗੜਦੇ ਜੋ ਐਨ੍ਹ ਦੋਹਾਂ ਦੀ ਘੋਟ ਰਗੜਾਈ ਕਰਦੂੰ!
ਦੁੱਧ ਵਾਂਗ ਸਟੇਜਾਂ ਤੇ ਉਬਲਦੇ ਜੋ ਚੋਣ ਆਈ ਤਾਂ ਸੀਤ-ਸ਼ਰਦਾਈ ਕਰਦੂੰ!!

ਫ਼ੱਕਰਾ! ਵੇਖ ਭਨਿਆਰੇ ਦੀ ਠੁਕੀ ਮੰਜੀ ਕਿਵੇਂ ਠੁਕੀ ਤੇ ਠੁਕੀ ਵੀ ਠਾਹ ਕਰਕੇ।
ਭਾਣਾ ਵਰਤਿਆ ਕਿੱਧਰੋਂ ਦਾ ਕਿੱਧਰ ਆ ਕੇ ਗਿਆ ਪੂਹਲੇ ਨੂੰ ਕਿਵੇਂ ਤਬਾਹ ਕਰਕੇ।
ਸਿਰਸੇ ਵਾਲਾ ਹੈ ਅਜੇ ਤੱਕ ਹਰੀ ਕਾਇਮ ਬਚਿਆ ਹੋਇਐ ਜੁ ਇੱਕੋ ਬਚਾ ਕਰਕੇ।
'ਜੀਹਦੇ ਹੱਥ ਵੋਟਾਂ ਉਹਨੂੰ ਸੈਅ ਓਟਾਂ' ਮਿਲਦੇ ਲੀਡਰ ਨੇ ਪੈਰੀਂ ਹੱਥ ਲਾ ਕਰਕੇ।
ਤੂੰ ਨਾ ਬਾਲਟੀ ਚੁੱਕ ਲਈਂ ਚੋਣ ਖ਼ਾਤਰ ਇਹ ਹੈ ਨਿਰਾ ਢਰਾਕਾ ਕੋਈ ਫੰਡਰਾਂ ਦਾ!
ਵੋਟਾਂ-ਬੁਰਕੀਆਂ ਬੋਚਣ ਲਈ ਜਾਂ ਆਉਂਦੈ ਛੂਟ ਵੱਟ ਕੇ ਲਾਣਾ ਕੋਈ ਲੰਡਰਾਂ ਦਾ!!

ਯੂਨੀਵਰਸਿਟੀ ਪਟਿਆਲੇ ਵਿੱਚ ਕਿਹਾ ਬਾਦਲ-ਸਿੱਖਾਂ ਸਿੱਖ-ਸਿਧਾਂਤਾਂ ਤੋਂ ਮੂੰਹ ਮੋੜੇ।
ਮੱਦਦ ਕਰੋ ਗਰੀਬਾਂ ਦੇ ਬੱਚਿਆਂ ਦੀ ਘੰਟੇ ਇਹਨਾਂ ਪੜ੍ਹਾਉਣ ਲਈ ਕੱਢੋ ਥੋੜੇ।
ਪੁਸਤਕ ਵਧੀਆ ਬਡੂੰਗਰ ਨੇ ਲਿਖੀ ਆਹਾ ਕਿਵੇਂ ਅੱਖਰਾਂ ਤੇ ਅੱਖਰ ਸ਼ਬਦ ਜੋੜੇ।
ਮੈਂ ਇਹ ਪੜ੍ਹੀ ਨਹੀਂ ਏਸ ਤੇ ਬੋਲਦਾ ਹਾਂ ਅਮਲ ਕਰਾਂ ਮੈਂ ਮੇਰਾ ਵੀ ਮਨ ਲੋੜੇ।
ਅਸਾਂ ਲੀਡਰਾਂ ਅਮਲ ਪਰ ਆਪ ਕਰਨੈਂ? ਸਿੱਖ ਕਾਸਦੇ ਲਈ ਬਣਾਏ ਹੋਏ ਹਨ?
ਸਾਨੂੰ ਵਿਹਲ ਨਹੀਂ ਭਾਸ਼ਣ-ਉਦਘਾਟਨਾਂ ਤੋਂ ਪੰਗੇ ਐਵੇਂ ਵਿਦਵਾਨਾਂ ਨੇ ਪਾਏ ਹੋਏ ਹਨ!

(5 ਅਕਤੂਬਰ, 08)

## 29.

ਪੇਲਿਨ ਉੱਤੇ ਜ਼ਰਦਾਰੀ ਜਾਂ ਹੋਇਆ ਲੱਟੂ ਫ਼ਿਕਰ ਪੈ ਗਿਆ ਕਿਵੇਂ ਮੁਲਾਨਿਆਂ ਨੂੰ।
ਕਿਵੇਂ ਰੰਗ ਦੇ ਵਿੱਚ ਨੇ ਭੰਗ ਪਾਉਂਦੇ ਸੱਪ ਲੜ ਗਿਐ ਵੱਡੇ ਸਿਆਨਿਆਂ ਨੂੰ।
ਕੋਈ ਪੁੱਛੇ ਵਈ ਕੀਹਦਾ ਨ੍ਹੀਂ ਜੀ ਕਰਦਾ ਛੋਲੇ ਚੱਬਦਿਆਂ ਕਦੇ ਮਖਾਨਿਆਂ ਨੂੰ।
ਮਸਾਂ ਰੜੇ ਹੈ ਰੰਡੇ ਨੂੰ ਹੀਰ ਲੱਭੀ ਭਾਉਂਦੀ ਗੱਲ ਨਾ ਕੈਦੋਆਂ ਕਾਨਿਆਂ ਨੂੰ।
ਹਿੱਕ ਠੋਕ ਕੇ ਪੇਲਿਨ ਨੂੰ ਕਿਹਾ ਆਖਰ—ਜੇ ਤੂੰ ਕਹੇਂ ਮੈਂ ਜੱਫੀ ਨਹੀਂ ਪਾ ਸਕਦਾ?
ਕੇਸ ਉਮਰ ਭਰ ਮੇਰੇ ਤੇ ਪਏ ਕਿੰਨੇ ਇੱਕ ਤੇਰਾ ਨਹੀਂ ਕੇਸ ਪੁਆ ਸਕਦਾ?

ਹੋਵੇ ਚੋਣ ਗੁਰਦੁਆਰੇ ਦੀ ਸ਼ੇਰ ਸਿੰਘਾ ਕਿਵੇਂ ਵਿੱਚ ਅਖ਼ਬਾਰਾਂ ਇਸ਼ਤਿਹਾਰ ਲੱਗਣ।
ਚੱਕੇ ਚਿਮਟੇ ਨਾਲ ਮੁਖਤ ਵੀ ਕੋਈ ਉਂ ਨਾ ਦਿਨੀਂ ਚੋਣਾਂ ਦੇ ਬੜੇ ਅਖਬਾਰ ਲੱਗਣ।
ਜਿਹੜੇ ਹਿੱਕ ਵਿੱਚ ਵੱਜੇ ਸਨ ਨਹੀਂ ਦੀਂਹਦੇ ਸੜਕ ਪਾਰ ਵੀ ਖੜ੍ਹੇ ਦਿਲਦਾਰ ਲੱਗਣ।
ਜਿੱਤ ਜਾਣ ਜੋ ਸਕੇ ਭਰਾ ਸਾਡੇ ਹਾਰ ਜਾਣ ਜੋ ਭੋਇੰ ਤੇ ਭਾਰ ਲੱਗਣ।
ਫ਼ੱਕਰਾ ਧਰਮ ਤੇ ਕੋਈ ਸਵਾਰ ਨੀਤੀ ਰਤਨੀ ਲੱਭੂ ਨੂੰ ਜੜ੍ਹਾਂ ਤੋਂ ਪੱਟਿਆ ਈ।
ਐਸੀ ਯਾਰੀ ਖੁਆਰੀ ਦਾ ਮੂਲ ਬਣਦੀ ਨਫ਼ਾ ਏਸ ਚੋਂ ਕਿਸੇ ਨਾ ਖੱਟਿਆ ਈ!

ਪੂਰੇ ਅਕਲ ਦੇ ਧਨੀ ਮਨਮੋਹਨ ਸਿੰਘ ਨੇ ਜਲਵਾ ਕਿਵੇਂ ਦਿਖਲਾਇਆ ਸਰਦਾਰ ਵਾਲਾ।
ਮਿਲਕੇ ਨਾਲ ਸਰਕੋਜ਼ੀ ਫਰਾਂਸੀਏ ਦੇ ਮਸਲਾ ਰੱਖਿਆ ਕਿਵੇਂ ਦਸਤਾਰ ਵਾਲਾ।
ਜਿਥੇ ਕੱਢਣਾ ਕੰਮ ਕਿਰਪਾਨ ਨਾਹੀਂ ਢੰਗ ਵਰਤੀਏ ਓਥੇ ਪਿਆਰ ਵਾਲਾ।
ਕਾਟ ਕਰੇ ਦਲੀਲ ਤੇ ਮੱਤ ਜਿੱਥੇ ਪਾਈਏ ਖ਼ੁਰਦਰੂ ਨਾ ਮਾਰੋ-ਮਾਰ ਵਾਲਾ।
ਫ਼ੱਕਰ ਪੜ੍ਹਿਆ ਤਾਂ ਕਿਹਾ ਅਕਾਲੀਆਂ ਨੂੰ—ਜਿਹੜੇ ਜਾਲਣੇ ਨੇ ਜਫ਼ਰ ਜਾਲਦੇ ਰਹੋ!
ਮਸਲਾ ਪੱਗ ਦਾ ਮੋਹਣ ਸਿਹੁੰ ਹੱਲ ਕਰਲੂ ਤੁਸੀਂ ਆਪਸ ਮੇਂ ਪੱਗਾਂ ਉਛਾਲਦੇ ਰਹੋ!!

ਫ਼ੱਕਰਾ ਵੇਖਲਾ ਬਦਲਗੀ ਕਿਵੇਂ ਦੁਨੀਆਂ ਵਿੰਹਦੇ ਵਿੰਹਦਿਆਂ ਕੇਹੇ ਵਿਹਾਰ ਹੋ ਗਏ।
ਅਪਣੇ ਵਰਗੇ ਸੁਹਾਗਿਆਂ ਚੜ੍ਹਨ ਵਾਲੇ ਸੱਤ ਸਾਗਰੋਂ ਕਿਸ ਤਰਾਂ ਪਾਰ ਹੋ ਗਏ।
ਖਾ ਖਾ ਠੋਕਰਾਂ ਸਿਰਾਂ ਤੇ ਛੱਤ ਬੰਨ੍ਹੀ ਘਰ ਜੱਦੀ ਜੋ ਕਿਵੇਂ ਵਿਸਾਰ ਹੋ ਗਏ।
ਕਿਵੇਂ ਰਹੇ ਉਡੀਕਦੇ ਰੰਗ ਬੁੱਢੂ ਬੱਚੇ ਆਪਣੇ ਜਦੋਂ ਉਡਾਰ ਹੋ ਗਏ।
ਜਦੋਂ ਪਾਲ ਸੰਭਾਲ ਕੇ ਹੋਏ ਬੁੱਢੇ ਉੱਡਣਹਾਰ ਬਿਠਾਇਕੇ ਕਹਿਣ ਲੱਗੇ—
ਤੁਸੀਂ ਕੌਣ ਹੋ ਅਸੀਂ ਕਨਫ਼ਿਊਜ਼ ਜਿਹੇ ਹਾਂ? ਜਿਹੜੇ ਰੋਜ਼ ਹੋ ਸਾਡੇ ਨਾਲ ਰਹਿਣ ਲੱਗੇ!

(12 ਅਕਤੂਬਰ, 08)

## 30.

ਮਿਰਕਣ ਅਤੇ ਕੈਨੇਡਾ ਵਿੱਚ ਚੋਣ ਆਈ ਲੀਡਰ ਚਾਹ ਨਿਆਣਿਆਂ ਚੱਕਦੇ ਹਨ।
ਚੋਣ-ਦਿਨਾਂ ਵਿੱਚ ਆਉਂਦਾ ਪਿਆਰ ਕਿੰਨਾ ਪੂੰਝ ਪੂੰਝ ਕੇ ਨੱਕ ਨਾ ਥੱਕਦੇ ਹਨ।
ਓਧਰ ਗਧੇ ਨੂੰ ਲੀਡਰ ਹਨ ਬਾਪ ਕਹਿੰਦੇ ਵੀਲ੍ਹ-ਚੇਅਰ ਪਾ ਕੇ ਏਧਰ ਧੱਕਦੇ ਹਨ।
ਸਿਰਫ਼ ਲੀਡਰ ਹੀ ਐਸੇ ਹਲਵਾਈ ਹੁੰਦੇ ਵੜੇ ਥੁੱਕ ਥੀਂ ਜਿਨ੍ਹਾਂ ਤੋਂ ਪੱਕਦੇ ਹਨ।
ਫ਼ੱਕਰਾ ਕਿਤੇ ਜਾ ਲੈ ਕੋਈ ਮੁਲਕ ਗਾਹ ਲੈ ਲੀਡਰ ਇੱਕੋ ਹੀ ਮਿੱਟੀ ਦੇ ਬਣੇ ਹੋਏ ਨੇ!
ਪਤਾ ਕਿਸੇ ਦੇ ਬਾਪੂ ਦਾ ਨਹੀਂ ਭਾਵੇਂ ਸਾਰੇ ਇੱਕੋ ਹੀ ਮਾਓਂ ਦੇ ਜਣੇ ਹੋਏ ਨੇ!!

ਅੱਖਾਂ ਮੁਰਦਿਆਂ ਲੱਗੀਆਂ ਵਿਕਣ ਫ਼ੱਕਰ ਚੰਦ ਹੋਰ ਈ ਕਿਤੇ ਨਾ ਚੜ੍ਹ ਜਾਵੇ।
ਇਹ ਨਾ ਹੋਵੇ ਕੋਈ ਐਸਾ ਨਾਲਾਇਕ ਉੱਠੇ ਰਾਜਨੀਤੀ ਦੇ ਵਿੱਚ ਨਾ ਵੜ ਜਾਵੇ।

ਇਥੇ ਘਾਟਾ ਨਹੀਂ ਅਕਲ ਦੇ ਅੰਨ੍ਹਿਆਂ ਦਾ ਇਹਨਾਂ ਅੰਨ੍ਹਿਆਂ ਵਿੱਚ ਨਾ ਦੜ ਜਾਵੇ।
ਕਿਸੇ ਲੀਡਰ ਦੀ ਜਦੋਂ ਫਿਰ ਮੌਤ ਹੋਵੇ ਅੱਖਾਂ ਕੱਢ ਨਾ ਕਿਸੇ ਨੂੰ ਜੜ ਜਾਵੇ।
ਅੱਗੇ ਦੁਨੀਆਂ ਵਿੱਚ ਪਿਐ ਹਨੇਰ ਐਨਾ ਕਰਨ ਨ੍ਹੇਰੀਆਂ ਅੱਖਾਂ ਨਾ ਘੁੱਪ ਬਾਬਾ!
ਬਹੁਤੀ ਜੀਭ ਚਲਾਈਏ ਨਾ ਲੀਡਰਾਂ ਤੇ ਹੋ ਜਾ ਚੁੱਪ ਬਾਬਾ! ਹੋ ਜਾ ਚੁੱਪ ਬਾਬਾ!!

ਚੰਡੀਗੜ੍ਹ ਵਿੱਚ ਆਵੇ ਅਡਵਾਨੀ ਤਾਂ ਸਹੀ ਝੰਡੀਆਂ ਕਾਲ਼ੀਆਂ ਅਸੀਂ ਦਿਖਾ ਦਿਆਂਗੇ।
ਏਹੀ ਅੰਬਰਸਰ ਹਮਲਾ ਕਰਵੌਣ ਵਾਲੈ ਝੰਡੀ—ਹਮਲੇ ਨਾਲ ਮੂੰਹ ਭੰਵਾ ਦਿਆਂਗੇ।
ਫ਼ੱਕਰ ਪੁੱਛਿਆ ਕਿਰਪਾਨ ਤਾਂ ਮਾਨ ਬੋਲੇ—ਅਸੀਂ ਓਹਦਾ ਵੀ ਜੌਹਰ ਦਿਖਾ ਦਿਆਂਗੇ।
ਜੇ ਨਾ ਚੱਲੀ ਜਾਂ ਕਿਸੇ ਨਾ ਚੱਲਣ ਦਿੱਤੀ ਅਸੀਂ ਵਿੱਚ ਮਿਆਨ ਦੇ ਪਾ ਦਿਆਂਗੇ।
ਅਸੀਂ ਜਾਣਦੇ ਹਾਂ ਮਸਲੇ ਖੜ੍ਹੇ ਕਰਨੇ ਇਹ ਨਹੀਂ ਲਾਜ਼ਮੀ ਕਿ ਮਸਲਾ ਹੱਲ ਹੋਵੇ!
ਮਸਲਾ ਓਹੀ ਹੁੰਦੈ ਜਿਹੜਾ ਰਹੇ ਭਖਦਾ ਜੀਹਦੀ ਮੀਡੀਏ 'ਚ ਚਲਦੀ ਗੱਲ ਹੋਵੇ!!

'ਸੰਗਤ-ਦਰਸ਼ਨ' ਦੀ ਫ਼ੱਕਰਾ ਗੱਲ ਚੱਲੀ ਸੰਗਤ ਕਰਦੀ ਸੀ ਗੁਰਾਂ ਦੇ ਜਾ ਦਰਸ਼ਨ।
ਦਰਸ ਪਰਸ ਕੇ ਸੰਗਤ ਨਿਹਾਲ ਹੁੰਦੀ ਜਦੋਂ ਗੁਰੂ ਜੀ ਦਿੰਦੇ ਸਨ ਆ ਦਰਸ਼ਨ।
ਹੁਣ ਪਰ ਲੀਡਰ ਸੁਆਰਥ ਲਈ ਆਪ ਆਉਂਦੇ ਦਿੰਦੇ ਸੇਲ ਤੇ ਆਇਕੇ ਲਾ ਦਰਸ਼ਨ।
ਮੰਗ ਮੰਗੇ ਤਾਂ ਸੰਗਤ ਤੇ ਡਾਂਗ ਵਰ੍ਹਦੀ ਸਕਦਾ ਕੋਈ ਨਾ ਮੰਗ ਮਨਾ ਦਰਸ਼ਨ।
ਆਉਂਦੇ ਜਲਸਿਆਂ ਤੋਂ ਪਹਿਲੋਂ ਹੁਕਮ ਡਾਢੇ—ਦਰਸ਼ਨ ਲਿਆਉਣੇ ਨੇ ਵੀਹ ਟਰੱਕ ਭਰਕੇ!
ਜੇ ਨਾ ਲਿਆਏ ਤਾਂ 'ਗਾਹਾਂ ਨਹੀਂ ਟਿਕਟ ਮਿਲਣੀ ਕੱਚੀ ਨੌਕਰੀ ਟੁੱਟੂ ਤੜੱਕ ਕਰ ਕੇ!!

(ਅਕਤੂਬਰ 18, 08)

## 31.

ਫ਼ੱਕਰਾ ਸੌਕਣ ਨੂੰ ਪੈਂਦੀ ਹੈ ਜਿਵੇਂ ਸੌਕਣ ਪਈ ਸੋਨੀਆ ਨੂੰ ਮਾਇਆਵਤੀ ਵੇਖੋ :
ਇਹਨੇ ਪੁੱਛੋ ਅਮੇਠੀ ਦਾ ਕੀ ਕੀਤਾ ਕੀਤੀ ਕੀ ਬਰੇਲੀ ਦੀ ਗਤੀ ਵੇਖੋ?
ਕਿੰਨਿਆਂ ਲੋਕਾਂ ਨੂੰ ਇਹਨੇ ਹੈ ਖੁਸ਼ ਕੀਤਾ ਕਿੱਥੋਂ ਮੈਥੋਂ ਇਹ ਵੱਡੜੀ ਸਤੀ ਵੇਖੋ?
ਇਹਨੂੰ ਛੱਡਦੀ ਨਾ ਕੱਚੀ ਨੂੰ ਖਾ ਜਾਂਦੀ ਹੁੰਦਾ ਇਹਦੇ ਨਾਲ ਸਿੰਘ ਨਾ ਜਤੀ ਵੇਖੋ।
ਹੱਸ ਸੋਨੀਆ ਫੇਰ ਜਵਾਬ ਦਿੱਤਾ—ਕਰਲੈ ਹੁੰਦਾ ਜੋ ਜਾਹ ਮੂੰਹ-ਜ਼ੋਰ ਕਰਲੈ!
ਅਸੀਂ ਦੋਹਾਂ ਨੇ ਦਿੱਲੀ ਹੈ ਮੌਜ ਕਰਨੀ ਕਾਂਸ਼ੀ ਗਿਆ ਤੂੰ ਕਰਨਾ ਕੋਈ ਹੋਰ ਕਰਲੈ!!

ਨੇਤਰਹੀਣਾਂ ਨੇ ਸੋਚ ਕੇ ਕਾਢ ਕੱਢੀ ਚੋਰੀ-ਛੁਪੇ ਜਾ ਬਾਦਲ ਨੂੰ ਘੇਰ ਲਈਏ।
ਊਂ ਤਾਂ ਹੈ ਅਟੇਰਨਾ ਖਰਾ ਔਖਾ ਨ੍ਹੇਰੇ ਵਿੱਚ ਗਲੋਟਾ ਅਟੇਰ ਲਈਏ।



ਜੱਫਾ ਮਾਰੀਏ ਜਿਹੜਾ ਮਸ਼ਹੂਰ ਸਾਡਾ ਜਿਹੜੀ ਅੜੀ ਇਜਾਜ਼ਤ ਇਹ ਫੇਰ ਲਈਏ।
ਕਿਰਨ ਨੌਕਰੀ ਦੀ ਖਬਰੇ ਹੱਥ ਆਵੇ ਪਹਿਲਾਂ ਵਾਂਗ ਹੀ ਨਹੀਂ ਹਨੇਰ ਲਈਏ।
ਪਈ ਪੁਲਸ ਪਰ ਅੱਗੋਂ ਉਸ ਪੁੱਛਿਓ ਨੇ—ਚੰਗਾ ਧਰਨਾ ਹੈ ਕਿ ਹਵਾਲਾਤ ਚੰਗੀ?
ਅਸਾਂ ਬੇਰੁਜ਼ਗਾਰਾਂ ਨੂੰ ਸ਼ਗਨ ਵਰਗੀ ਹਵਾਲਾਤ ਦੀ ਕਹਿਣ ਸੌਗਾਤ ਚੰਗੀ!

ਕੀਕਰ ਗੱਲ ਕਰੀਏ ਫ਼ੱਕਰ ਕਾਕਿਆਂ ਦੀ ਸਾਰੇ ਪਾਸੇ ਹੀ ਬਣੇ ਮਹਾਨ ਕਾਕੇ।
ਕਾਂਗਰਸ ਅਕਾਲੀ ਕੀ ਮਾਨ ਦਲ ਕੀ ਸਭ ਪਾਰਟੀ ਸਮਝੋ ਪ੍ਰਧਾਨ ਕਾਕੇ।
ਛੱਡੋ ਜੂਨੀਅਰ ਸੀਨੀਅਰ ਪਰ੍ਹਾਂ ਧੱਕੋ ਹੇਠੋਂ ਉੱਤੋਂ ਦੀ ਇੱਕੋ ਪ੍ਰਵਾਨ ਕਾਕੇ।
ਪਿਓਆਂ ਨਿੰਮੀਂ ਚੜ੍ਹਾਇਆ ਕਰੇਲਿਆਂ ਨੂੰ ਪਿਓ ਬਣੇ ਹੁਣ ਪੁੱਤਾਂ ਸਮਾਨ ਕਾਕੇ।
ਲੀਡਰ ਪੁਲਸੀਏ ਕਿਸੇ ਵਿਜੀਲੈਂਸੀਏ ਦੇ ਕੁਝ ਵੀ ਕਹੋ ਨਾ ਇਹਨਾਂ ਦੇ ਕਾਕਿਆਂ ਨੂੰ!
ਚਾਹੇ ਧਰਮ ਲੁੱਟਣ ਚਾਹੇ ਲੁੱਟਣ ਹੀਰੇ ਜ਼ਰਾ ਖੁੱਲ੍ਹਣ ਦਿਓ ਇਹਨਾਂ ਦੇ ਝਾਕਿਆਂ ਨੂੰ!!

ਧੁੱਖ ਮੱਚੀ ਗੱਲ ਧੂਣੀ ਦੀ ਅੱਗ ਵਾਂਗੂੰ ਸਿੰਘ ਕਿਵੇਂ ਸੰਸਾਰ ਵਿੱਚ ਕਿੰਗ ਹੋਇਆ।
ਰਾਜਨੀਤੀ ਤੇ ਫ਼ਿਲਮਾਂ ਤੇ ਗਾਇਕੀ ਕੀ ਸਭਨੀਂ ਖੇਤਰੀਂ ਰਾਜਾ-ਏ-ਰਿੰਗ ਹੋਇਆ।
ਡੌਰ-ਭੌਰ ਬੱਚੇ ਪੁੱਛਦੇ ਮਾਪਿਆਂ ਨੂੰ—ਭਲਾ ਸਿੰਘ ਤੇ ਕਿੰਗ ਕੀ ਥਿੰਗ ਹੋਇਆ?
ਡੈਡੀ ਕਹੇ ਉਇ ਰੈਂਡੀ ਤੂੰ ਚੁੱਪ ਕਰ ਜਾ ਮਸਲਾ ਸਾਰਾ ਹੀ ਪੁੱਠਾ ਸਵਿੰਗ ਹੋਇਆ।
ਛੋਟਾ ਤੂੰ ਤੇ ਨਾਲੇ ਤੂੰ ਬਾਹਰਲਾ ਹੈਂ ਤਾਂਹੀਏਂ ਕੀਤੀਆਂ 'ਡਿੰਗ-ਬੜਿੰਗੀਆਂ ਨੇ!
ਜਿਹਨਾਂ ਸੁਰਤ ਨਾ ਕੋਈ ਪੰਜਾਬ ਸੰਦੀ ਉਹ ਅੱਜ ਕਾਗਜ਼ਾਂ ਤੇ ਵਾਹੁੰਦੇ ਕਿੰਗੀਆਂ ਨੇ!!

(26 ਅਕਤੂਬਰ, 08)

## 32.

ਮਨਸੇ ਕਿਹਾ ਅਡਵਾਨੀ ਨੂੰ ਆਨ 'ਗਡਵਾ' ਸ਼ਿਵਸੈਨੀਆਂ ਨੇ ਕੇਹਾ ਸਿਤਮ ਕਰਿਆ।
ਛਾਤੀ ਲੂਹੀ ਫਲੂਹੇ ਨੂੰ ਸੁੱਟ ਕੇ ਲੁੱਛੇ ਭਾਜਪਾ ਜਾਏ ਦਾ ਜ਼ੁਲਮ ਜਰਿਆ।
ਗਡਵਾ ਕਹਿੰਦੇ ਮ੍ਰਰਾਠੀ ਵਿੱਚ ਗਧੇ ਤਾਂਈਂ ਲਾਲ ਕ੍ਰਿਸ਼ਨ ਸਿਰ ਕੇਹਾ ਇਹ ਮੁਕਟ ਧਰਿਆ।
ਲਾਲ ਕਿਲ੍ਹੇ ਨੂੰ ਹੱਥ ਨਹੀਂ ਪੈਣ ਦਿੰਦੇ ਸੋਚ ਸੋਚ ਅਡਵਾਨੀ ਦਾ ਮਨ ਭਰਿਆ।
ਰਾਜ ਠਾਕਰੇ ਕਿਹਾ ਰੱਥ ਜੋੜੀਓ ਖਾਂ ਅਸੀਂ ਟਾਇਰਾਂ ਚੋਂ ਹਵਾ ਕਢਵਾ ਦਿਆਂਗੇ!
ਰਥ ਫੇਰ ਜੇ ਚਾਹਲੇ ਵਿੱਚ ਰੁਕਣ ਲੱਗਾ ਬੀਂਡੀ ਗਡਵਾ ਜੀ ਅਸੀਂ ਪਵਾ ਦਿਆਂਗੇ!!

ਰਾਜਪਾਲ ਨੂੰ ਕਿਹਾ ਜਾ ਕਾਂਗਰਸੀਆਂ—ਅੱਖਾਂ ਖੋਹਲੋ ਪੰਜਾਬ ਕੀ ਹੋਈ ਜਾਂਦੈ।
ਕਾਕਾ ਕਿਸੇ ਨੂੰ ਬਿਨ੍ਹਾਂ ਹੀ ਪੁੱਛੇ-ਦੱਸੇ ਮੂੰਹ ਬੰਨ੍ਹ ਮਖਿਆਲ ਨੂੰ ਚੋਈ ਜਾਂਦੈ।

ਸਾਰੇ ਮੰਤਰੀ ਬਣੇ ਹਨ ਮੂਕ-ਦਰਸ਼ਕ ਜਣੇ-ਖਣੇ ਦੀ ਲਾਹੀ ਉਹ ਲੋਈ ਜਾਂਦੈ।
ਕਰੇ ਆਪ ਉਦਘਾਟਨ ਐਲਾਨ ਆਪੇ ਜਿੱਧਰ ਚਾਹੁੰਦੈ ਉਹ ਫੰਡਾਂ ਨੂੰ ਢੋਈ ਜਾਂਦੈ।
ਰਾਜਪਾਲ ਜੀ ਸਾਡੀ ਇਹ ਬੇਨਤੀ ਹੈ—ਰ੍ਹਵੇ ਰਾਜ-ਪ੍ਰਬੰਧ ਤੋਂ ਪਰ੍ਹੇ ਕਾਕਾ!
ਜਿਹੜਾ ਕੰਮ ਮਿਲਿਐ ਓਹੀ ਕਰੀ ਜਾਵੇ ਸਾਰੇ ਬਾਪੂ ਦੇ ਕੰਮ ਨਾ ਕਰੇ ਕਾਕਾ!!

ਸਿੱਧੀ ਪਈ ਤੇ ਪਈ ਹੈ ਵਿੰਗੀ ਭਾਂਵੇਂ ਤੇਲ ਵੇਖੋ ਤੇ ਤੇਲ ਦੀ ਧਾਰ ਵੇਖੋ।
ਖੜ੍ਹਾ ਵਿੱਚ ਕਟਹਿਰੇ ਭਨਿਆਰੇ ਵਾਲਾ ਖੜ੍ਹਾ ਕਿਸਤਰਾਂ ਇੱਕ ਲੱਤ ਭਾਰ ਵੇਖੋ।
ਜਿਹੜੀ ਪੈਰਾਂ ਨੂੰ ਪੈਂਦੀ ਸੀ ਬਣਨ ਖਾਤਰ ਹੁਣ ਸੰਗਦੀ ਕਿਵੇਂ ਸਰਕਾਰ ਵੇਖੋ।
ਵੋਟਾਂ ਖਾਤਰ ਹੈ ਚਾਓ ਦੇ ਨਾਲ ਦਿੱਤੀ ਜਿਸਨੇ ਬੁਲਿਟ-ਪਰੂਫ ਇੱਕ ਕਾਰ ਵੇਖੋ।
ਜੇ ਨਾ ਪਾਪ ਕਰਦਾ ਜੇ ਨਾ ਢਹੇ ਚੜ੍ਹਦਾ ਆਖੇ ਲੀਡਰਾਂ ਦੰਦ ਭੰਨਾਂਵਦਾ ਨਾ!
ਕਹੇ ਫ਼ੱਕਰ ਭਨਿਆਰਿਆ ਸੰਭਲਦਾ ਤੂੰ ਸ਼ਹਿ ਬਿਗਾਨੀ ਤੇ ਮੁੱਛਾਂ ਮੁੰਨਾਂਵਦਾ ਨਾ!!

ਅਰਜਨਟਾਈਨਾ ਵਿੱਚ ਫ਼ੱਕਰਾ ਹੱਦ ਹੋਗੀ ਮਿਲਣ ਲੱਗੇ ਨੇ ਪਤੀ ਕਿਰਾਏ ਉੱਤੇ।
ਹੋਈ ਪਤੀ ਦੀ ਪੁੱਜ ਕੇ ਬੇਕਦਰੀ ਤਰਸ ਕਰੇ ਨਾ ਕੋਈ ਸਤਾਏ ਉੱਤੇ।
ਖਾਣਾ ਲੱਗੇ ਲਗਾਏ ਜੋ ਬਹਿਣ ਚਾਹੇ ਪਵੇ ਬੈੱਡ ਜੋ ਬਣੇ-ਬਣਾਏ ਉੱਤੇ।
ਹੂਵਰ ਕਰੇ ਨਾ ਧੋਵੇ ਨਾ ਜੋ ਭਾਂਡੇ ਕੁਰਸੀ ਡਾਹੇ ਘਾਹ ਕੱਟੇ-ਕਟਾਏ ਉੱਤੇ।
ਐਸੇ ਪਤੀਆਂ ਨੂੰ ਘਰਾਂ ’ਚੋਂ ਕਰੋ ਚਲਦੇ ਕਰੋ ਰਾਬਤਾ ਕਾਇਮ ਈ-ਮੇਲ ਉੱਤੇ!
ਸਾਥੋਂ ਲਵੋ ਕਿਰਾਏ ਤੇ ਮਨ-ਭਾਉਂਦੇ ਲਾਏ ਕੰਪਨੀ ਪਤੀ ਹਨ ਸੇਲ ਉੱਤੇ!!

(3 ਨਵੰਬਰ,08)

## 33.

ਮਸਾਂ ਅਜੇ ਅਮਰੀਕਾ ਦੀ ਚੋਣ ਮੁੱਕੀ ਪੈ ਗਈ ਪੇਲਿਨ ਨੂੰ ਟੁੱਟ ਵਹੀਰ ਮੀਆਂ।
ਮੋਇਆ ਪੂੰਝਦੈ ਅੱਥਰੂ ਹਾਰਿਆਂ ਦੇ? ਲੋਕੀ ਕਾਲਜੇ ਨੂੰ ਦਿੰਦੇ ਚੀਰ ਮੀਆਂ।
ਕਿੰਨਾ ਰਾਮ-ਰੌਲਾ ਪਾਉਂਦੇ ਕਪੜਿਆਂ ਦਾ ਜੁੜਦੀ ਆਪ ਨਾ ਜਿਹਨਾਂ ਨੂੰ ਲੀਰ ਮੀਆਂ।
ਟੀ. ਵੀ. ਵੇਖ ਕੇ ਰਹੇ ਨਿਹਾਲ ਹੁੰਦੇ ਸਾਥ ਛੱਡ ਗਏ ਕਿਵੇਂ ਅਖੀਰ ਮੀਆਂ।
ਪਹਿਨੀਂ-ਪੱਚਰੀ ਨੂੰ ਮੈਨੂੰ ਨਜ਼ਰ ਲਾਈ ਦਿਨ ਸੀ ਚੋਣਾਂ ਦੇ ਚਾਰ ਹੰਢਾਉਣ ਵਾਲੇ!
ਸਣੇ ਕੋਟ-ਪਤਲੂਣੀਂ ਇਹ ਅੱਗ ਲੱਗਣ ਚੰਦਰੇ ਜੇਠ ਜੋ ਖੁਰ੍ਹਦਰੂ ਪਾਉਣ ਵਾਲੇ!!



ਭੱਖਣ ਲੱਗਾ ਬਠਿੰਡੇ ਦਾ ਚੋਣ-ਦੰਗਲ ਕਹਿੰਦੇ ਫ਼ੈਸਲਾ ਆਪੇ ਪ੍ਰਵਾਰ ਕਰਲੂ।
ਕੀਹਨੇ ਖੜ੍ਹਨਾ ਤੇ ਤਿਲ੍ਹਕਣਾ ਹੈ ਕੀਹਨੇ ਏਸ ਗੱਲ ਦੀ ਛੇਤੀ ਵਿਚਾਰ ਕਰਲੂ।
ਅਸੀਂ ਪੰਥ ਨੂੰ ਦੇਣੀ ਨਹੀਂ ਕੋਈ ਜਹਿਮਤ ਟੱਬਰ ਆਪ ਸਭ ਕਾਰ-ਵਿਹਾਰ ਕਰਲੂ।
ਪੰਥ ਚੋਣ ਲਈ ਜ਼ੋਰ ਨੂੰ ਜਮ੍ਹਾਂ ਰੱਖੇ ਹੋਰ ਸਾਰਾ ਪ੍ਰਬੰਧ ਸਰਕਾਰ ਕਰਲੂ।
ਪਰਚੀ ਜੇਬ ’ਚੋਂ ਕੱਢਣ ਦੀ ਰੁੱਤ ਲੱਦੀ ਹੁਕਮ ਕਰਾਂਗੇ ਸਿੱਖਾਂ ਵਿਚਾਰਿਆਂ ਨੂੰ!
ਦੱਸੋ ਰਗੜ ਕੇ ਗੋਡੇ ਤੇ ਪੰਥ ਲਾਉਣੈਂ? ਜੇ ਨਾ ਕਹੇ ਤੋਂ ਛੱਡੇ ਜੈਕਾਰਿਆਂ ਨੂੰ!!

ਫ਼ੱਕਰਾ ਵੇਖ ਨੰਦੇੜ ਵਿੱਚ ਕੀ ਹੋਇਆ ਬੱਕਰਾ ਝਟਕਣ ਤੋਂ ਟਲਿਆ ਤਕਰਾਰ ਵਧਦਾ।
ਸਿੰਘ ਕਹਿਣ ਕਿ ਅਸਾਂ ਦੀ ਰੀਤ ਏਹਾ ਰਸਮ ਕਰੀਏ ਹੈ ਤਾਂ ਹੀ ਪਿਆਰ ਵਧਦਾ।
ਵਾਰ ਚੰਡੀ ਦੇ ਪਾਠ ਦਾ ਕਰਨ ਮਗਰੋਂ ਸਾਡੇ ਚਿੱਤ ਦੇ ਵਿੱਚ ਕਰਾਰ ਵਧਦਾ।
ਤਿਲਕ ਲਾਈਏ ਨਾ ਲਹੂ ਦਾ ਸ਼ਸਤਰਾਂ ਨੂੰ ਸਾਡੇ ਸੀਸ ਤੇ ਵੱਡੜਾ ਭਾਰ ਵਧਦਾ।
ਇੱਕ ਸਿੱਖ ਅਮਰੀਕਾ ਦਾ ਪੁੱਛ ਬੈਠਾ—ਤੁਸੀਂ ਕਿਹੜੀ ਮਰਿਆਦਾ ਦੁਹਰਾਉਣ ਲੱਗੇ?
ਸਿੰਘਾਂ ਸੂਤ ਕਿਰਪਾਨਾਂ ਨੂੰ ਕਿਹਾ ਤੇਰਾ ਬਾਅਦ ਬੱਕਰੇ ਨੰਬਰ ਹਾਂ ਲਾਉਣ ਲੱਗੇ!

‘ਮੋਗਾ ਚਾਹ ਜੋਗਾ’ ਐਵੇਂ ਕਹਿਣ ਲੋਕੀਂ ਤੀਆਂ ਮੋਗੇ ਦੀਆਂ ਲੱਗਣ ਸੰਸਾਰ ਨਾਹੀਂ।
ਤੀਰਥ ਰਾਮ ਜਿਹੇ ਬਾਲਾਂ ਦੇ ਮਾਹਰ ਏਥੇ ਬਚਿਆ ਜਿਹਨਾਂ ਤੋਂ ਬਾਲ ਬੀਮਾਰ ਨਾਹੀਂ।
ਗੋਲ਼ੀ ਵਾਲੜੇ ਮੋਗੇ ਦੇ ਖਰੇ ਬੱਤੇ ਹੋਰ ਕਿਸੇ ਵੀ ਮਿਲਣ ਬਾਜ਼ਾਰ ਨਾਹੀਂ।
ਨੀਤੀਵਾਨ ਤੇ ਸ਼ਾਇਰ ਵਿਅੰਗ-ਲੇਖਕ ਏਥੋਂ ਨਾਲ ਦੇ ਕਿਤੇ ਹੁਸ਼ਿਆਰ ਨਾਹੀਂ।
ਰਹਿੰਦੀ ਕਸਰ ਵੀ ਫ਼ੱਕਰਾ ਗਈ ਕੱਢੀ ਟੀਕੇ ਮੋਗੇ ਦੇ ਹੋਰ ਮਸ਼ਹੂਰ ਹੋ ਗਏ!
ਜਿਹਨਾਂ ਲਾਉਂਦਿਆਂ ਪੈਂਟ੍ਹ ਤੇ ਪੈਂਟ੍ਹ ਮਿਲਦੇ ਹੁਣ ਤਾਂ ਮੋਗੇ ਦੇ ਡੇਰੇ ਹੀ ਦੂਰ ਹੋ ਗਏ!!

(10 ਨਵੰਬਰ, 08)

## 34.

ਗੁਰਤਾ-ਗੱਦੀ ਸਮਾਗਮ ਦੇ ਦਰਸ਼ਨਾਂ ’ਚੋਂ ਨਿਕਲਦੀ ਨਿਕਲਦੀ ਇੱਕ ਵੀਚਾਰ ਨਿਕਲੀ।
ਪੰਥ ਖਾਲਸੇ ਨੂੰ ਚੜ੍ਹੀ ਖੁਸ਼ੀ ਐਸੀ ਵੇਖੋ ਕਿਵੇਂ ਪਸਤੌਲ ਤਲਵਾਰ ਨਿਕਲੀ।
ਖਹਿਬੜ ਪੰਥ ਨੇ ਲਾਹੇ ਨੂੰ ਖੱਟਿਓ ਸੂ ਏਸ ਗੱਲੋਂ ਤਾਂ ਮਾੜੀ ਸਰਕਾਰ ਨਿਕਲੀ।
ਗੁਰੂ ਗ੍ਰੰਥ ਸੰਸਾਰ ਨੂੰ ਜੋੜਦਾ ਹੈ ਭਾਈ ਭਾਈ ਵਿੱਚ ਏਥੇ ਦੀਵਾਰ ਨਿਕਲੀ।
ਫ਼ੱਕਰਾ ਸੋਚਿਆ ਸੋਚ ਨਾ ਕੁਝ ਹੋਵੇ ਸੱਚੇ ਗੁਰਾਂ ਨੇ ਸੱਚ ਨਿਤਾਰਿਆ ਈ।

ਖ਼ਬਰੇ ਤਾਂਹੀਏਂ ਈ ਸਿੱਖਾਂ ਕੁਝ ਸੋਚਿਆ ਨਹੀਂ ਖ਼ਬਰੇ ਤਾਂਹੀਂ ਨਾ ਕੁਝ ਵਿਚਾਰਿਆ ਈ!

ਫ਼ੱਕਰ ਸੁਪਨੇ ਵਿੱਚ ਗਿਆ ਹਜ਼ੂਰ ਸਾਹਿਬ ਲੰਗਰ ਵੜਿਆ ਤੇ ਬਹੁਤ ਨਿਹਾਲ ਹੋਇਆ।
ਵੇਖੇ ਕੀ ਕਿ ਵੱਡੇ ਪਕਵਾਨ ਪੱਕਣ ਸੇਵਾ ਚੱਲੇ ਕਿ ਵੱਡਾ ਕਮਾਲ ਹੋਇਆ।
ਪੀਜ਼ਾ ਬਰਗਰ ਜਲੇਬੀ ਤੇ ਗੋਲ-ਗੱਪੇ ਬਰਫ਼ੀ-ਕੋਕੋਨਟ ਥਾਲ ਤੇ ਥਾਲ ਹੋਇਆ।
ਬੰਦਾ ਕੀ ਖਾਵੇ ਬੰਦਾ ਕੀ ਛੱਡੇ ਖਾਣ ਵਾਲੇ ਲਈ ਵੱਡਾ ਸੁਆਲ ਹੋਇਆ।
ਕੁੱਖਾਂ ਕੱਢ ਕੇ ਢਿੱਡ ਤੇ ਹੱਥ ਫੇਰੇ ਆਖੇ—ਵਾਹ ਜੀ! ਵਾਹ ਜੀ! ਵਾਹ ਸੰਤਹੁ!!
ਸਿੱਖੀ-ਸੇਵਾ ਲਿਟਰੇਚਰ ਨੇ ਕੀ ਕਰਨੀ? ਅਸਲੀ ਸੇਵਾ ਤਾਂ ਹੋਈ ਨਾ ਆਹ ਸੰਤਹੁ!!

ਹੁੰਦੀ ਮਾਂ-ਪੰਜਾਬੀ ਦੀ ਬੇਕਦਰੀ ਸਦਮਾ ਪੁੱਜਾ ਪੰਜਾਬੀ ਦੇ ਭੌਰਿਆਂ ਨੂੰ।
ਕਾਹਤੋਂ ਏਸਦਾ ਭੋਰਾ ਨਹੀਂ ਫ਼ਿਕਰ ਕਰਦੇ ਹੋਇਆ ਕੀ ਵਜ਼ੀਰਾਂ ਹੈ ਬੌਰਿਆਂ ਨੂੰ?
ਊਂ ਤਾਂ ਹੇਜ ਜਤਲਾਣ ਇਹ ਮਾਂ ਸੰਦਾ ਜਾਣ ਲੋਕਾਂ ਵਿੱਚ ਕਰਨ ਜਾਂ ਦੌਰਿਆਂ ਨੂੰ।
ਵਾਅਦੇ ਭੁੱਲਦਿਆਂ ਨੂੰ ਆਉਂਦੀ ਸੰਗ ਨਾਹੀਂ ਇਹਨਾਂ ਲੋਕਾਂ ਦੇ ਚੁਣੇ ਹੋਏ ਚੌਰਿਆਂ ਨੂੰ।
ਚਾਲੇ ਵੇਖ ਕੇ ਫ਼ੱਕਰ ਨੇ ਚੋਟ ਕੀਤੀ—ਟੱਟੂ ਦੇਸੀ ਦੁਲੱਤੇ ਹਨ ਖੁਰਾਸਾਨੀ!
ਵਹੁਟੀ ਮਾਓਂ ਦੇ ਫ਼ਰਕ ਦਾ ਪਤਾ ਨਾਹੀਂ ਕਰਨ ਤਦੇ ਵਿਚਾਰੇ ਇਹ ਮਨੋ-ਮਾਨੀ!!

ਫ਼ੱਕਰ ਪੁੱਛਿਆ ਆਪੇ ਨੂੰ ਬੈਠ ਇੱਕ ਦਿਨ ਦੱਸ ਦੇਸ ਕਿ ਹੈ ਪ੍ਰਦੇਸ ਚੰਗਾ?
ਚੰਗਾ ਰੰਗ ਗੋਰਾ ਚੰਗਾ ਰੰਗ ਕਾਲਾ ਚੰਗੀ ਭੂਰੀ ਕਿ ਗੁੱਦੜ ਹੈ ਖੇਸ ਚੰਗਾ?
ਚੰਗਾ ਰੰਗ—ਕਸੁੰਭੜਾ ਦੁਨੀ ਸੰਦਾ ਕਿ ਭਗਵਾਂ ਸਾਧੂਆਂ ਸੰਦੜਾ ਵੇਸ ਚੰਗਾ?
ਚੰਗੀ ਭਟਕਣਾ ਵਾਸ਼ਨਾ ਰਾਹਗੀਰੀ ਕਿ ਹੈ ਚੱਲਣਾ ਰਾਹ ਦਰਵੇਸ਼ ਚੰਗਾ?
ਸਿਰ ਖੁਰਕਿਆ ਖੁਰਕ ਕੇ ਕਹਿਣ ਲੱਗਾ—ਠਹਿਰ, ਥੋੜ੍ਹਾ ਅੰਦਾਜ਼ਾ ਤਾਂ ਲਾਉਣ ਦੇਹ ਤੂੰ!
ਫੇਰ ਕਿਹਾ ਕਿ ਇੱਕ ਨਾਲ ਨਹੀਂ ਸਰਦਾ ਆਏਂ ਕਰ ਕਿ ਦੋਵੇਂ ਈ ਆਉਣ ਦੇਹ ਤੂੰ!!

(17 ਨਵੰਬਰ, 08)

## 35.

ਆਈ! ਬੱਲੇ ਵਈ ਚੋਣਾਂ ਦੀ ਰੁੱਤ ਆਈ!! ਆਉਂਦਾ ਜਿਵੇਂ ਫਰਾਈ ਡੇਅ ਗੋਰਿਆਂ ਨੂੰ।
ਨੇਤਾ ਅਮਲੀ ਤੇ ਵਿਹਲੜ ਨੇ ਗਲੇ ਮਿਲਦੇ ਖੁਸ਼ੀ ਚੱਕਿਆ ਸਾਰਿਆਂ ਝੋਰਿਆਂ ਨੂੰ।
ਹੱਥ ਉੱਪੜੇ ਗਰਦਨਾਂ ਕੁੱਕੜਾਂ ਨੂੰ ਬੋਤਲ-ਗਲਾਂ ਤੇ ਨੋਟਾਂ ਦੇ ਬੋਰਿਆਂ ਨੂੰ।
ਪਾਣੀ ਖੁੱਡ ਪੈ ਨਿਕਲਣ ਜਿਉਂ ਬਾਹਰ ਕੀੜੇ ਸਾਧਾਂ ਛੱਡਿਆ ਡੇਰਿਆਂ-ਭੋਰਿਆਂ ਨੂੰ।
ਬੁਰਸ਼ ਪੇਂਟਰਾਂ, ਲੇਖਕਾਂ, ਕਲਮ ਸਾਂਭੀ ਝੰਡੀਆਂ ਝੰਡੀਆਂ ਵਾਲੇ ਬਣਾਉਣ ਲੱਗ ਪਏ!



ਪਾਟੀ ਜੇਬ 'ਚੋਂ ਚੋਣ-ਫੰਡ ਕਿਰੇ ਨਾਹੀਂ ਝੱਗੀਆਂ ਨਵੀਆਂ ਨੇ ਨੇਤਾ ਸਵਾਉਣ ਲੱਗ ਪਏ!!

ਫ਼ੱਕਰਾ ਵੇਖ ਜ਼ਮਾਨੇ ਦੇ ਤੌਰ ਬਦਲੇ ਕੰਮ ਕਿਵੇਂ ਅਵੱਲੜੇ ਹੋਣ ਲੱਗੇ।
ਔਰਤ ਔਰਤ ਨੂੰ ਵੇਖ ਵਿਆਹੁਣ ਲੱਗੀ ਮਰਦ ਪੁੱਠੀਆਂ ਚੱਕੀਆਂ ਝੋਣ ਲੱਗੇ।
ਬਾਜ਼ੀ ਮਾਰਗੀ ਸਾਧਵੀ ਕੱਲ੍ਹ ਜੰਮੀ ਕਹਿੰਦੇ ਬਿਨ-ਜਵਾਹਰੀ ਨੇ ਰੋਣ ਲੱਗੇ।
ਪੈਂਦੇ ਜਿਵੇਂ ਪ੍ਰਬੰਧਕ ਹਨ ਗੋਲਕਾਂ ਨੂੰ ਮਾਲ ਚੋਰੀ ਦਾ ਪੁਲਸੀਏ ਢੋਣ ਲੱਗੇ।
ਜੱਥੇਦਾਰ, ਖਿਡਾਰੀ ਜਾਂ ਸੰਤ, ਗਾਇਕ ਦਲਾਂ ਇਹਨਾਂ 'ਤੇ ਦਾਓ ਲਗਾਏ ਕੀਕਰ!
ਮਹਾਂ-ਪੁਰਸ਼ ਸੀ ਕਾਂਵਾਂ ਤੋਂ ਹੰਸ ਕਰਦੇ ਇਹਨਾਂ ਹੰਸਾਂ ਤੋਂ ਕਾਂਓਂ ਬਣਾਏ ਕੀਕਰ!!

ਉੱਡੀ ਗ਼ਮੀ ਤੇ ਖੁਸ਼ੀ ਦੀ ਰੁੱਤ ਆਈ ਚਮਕਣ ਲੱਗਾ ਫਿਰ ਰਾਮ ਰਹੀਮ ਬੇਲੀ।
ਜੋ ਸੀ ਜ਼ਰਦ-ਵਸਾਰ ਹੁਣ ਲਾਲ ਹੋਇਆ ਮਲੀ ਚਿਹਰੇ ਤੇ ਗਈ ਕਰੀਮ ਬੇਲੀ।
ਭਾਅ ਚੋਣਾਂ ਦੀ ਵੱਜੀ ਕਿ ਚਾਅ ਚੜ੍ਹਿਆ ਦਿਸੇ ਢੱਗੇ ਨੂੰ ਜਿਵੇਂ ਬਰਸੀਮ ਬੇਲੀ।
ਜਿਹੜਾ ਲਊ ਵੋਟਾਂ ਓਹੀ ਦੇਊ ਛੋਟਾਂ ਅੰਤ ਚੱਲਣੀ ਏਹੀ ਸਕੀਮ ਬੇਲੀ।
ਬੰਦ ਕਮਰੇ ਵਿੱਚ ਮਾਮਲਾ ਤਹਿ ਹੋਣਾ ਓਹਲਾ ਰਹਿਣੈ ਸੁਹਾਗ ਦੀ ਰਾਤ ਵਾਂਗੂੰ!
ਮੀਆਂ-ਬੀਵੀ ਤਾਂ ਹੋਣਗੇ ਪੁੱਜ ਰਾਜ਼ੀ ਹੋਣਾ ਵੋਟਰਾਂ ਨਾਲ ਬਲਾਤ ਵਾਂਗੂੰ!!

ਉਮਾ ਭਾਰਤੀ ਤੇ ਚੜ੍ਹੀ ਜਨ-ਸ਼ਕਤੀ ਪਾਰਾ ਚੜ੍ਹਿਆ ਕਿ ਹੱਦਾਂ ਤੋਂ ਪਾਰ ਹੋਇਆ।
ਅਨਿਲ ਰਾਏ ਨੂੰ ਮਾਰਿਆ ਠਾਹ ਥੱਪੜ ਜਿਵੇਂ ਕੋਈ ਜੁਆਲਾ ਦਾ ਵਾਰ ਹੋਇਆ।
ਪਾਰਾ ਸਾੜ੍ਹੀ ਦੇ ਵਾਗਰਾਂ ਭੋਇੰ ਡਿੱਗਾ ਦੂਜਾ ਮਸਾਂ ਹੀ ਉੱਘਰ ਕੇ ਮਾਰ ਹੋਇਆ।
ਹੱਥ ਫੇਰਿਆ ਰਾਏ ਸਿਰ ਸ਼ਾਂਤ ਹੁੰਦੇ ਭੈਣ ਵੀਰ ਫਿਰ ਡਾਢ੍ਹੜਾ ਪਿਆਰ ਹੋਇਆ।
ਸ਼ਕਤੀ ਦੂਸਰਾ ਨਾਂਓ ਚਲੂਨਿਆਂ ਦਾ ਫ਼ੱਕਰਾ ਲੀਡਰਾਂ ਲਈ ਸੰਨਵੀਂ ਰਹਿਣ ਦੇ ਤੂੰ!
ਸ਼ਕਤੀ ਰੱਜ ਕੇ ਦੇਵੇ ਰੱਬ ਲੀਡਰਾਂ ਨੂੰ ਮੈਨੂੰ ਸ਼ਾਂਤੀ ਨਾ' ਟਿਕ ਕੇ ਬਹਿਣ ਦੇ ਤੂੰ!!

(24 ਨਵੰਬਰ, 08)

## 36.

ਜੇਕਰ ਭਾਰ ਵਧੇ ਸਿਰੇ ਪਾਪ ਸੰਦਾ ਕਹਿੰਦੇ ਤੀਰਥੀਂ ਕਰਨ ਇਸ਼ਨਾਨ ਚੰਗਾ।
ਜੇਕਰ ਨੀਤੀ ਵਿੱਚ ਸਿਰਾ ਨਾ ਹੱਥ ਆਵੇ ਆਵੇ ਜ਼ਿਹਨ ਵਿੱਚ ਜੋਤਿਸ਼-ਅਸਥਾਨ ਚੰਗਾ।
ਕਿਸੇ ਧਰਮ ਤੇ ਹੋਣ ਨਾ ਹੱਥ ਸਿੱਧੇ ਆਪੇ ਥਾਪਣਾ ਫੇਰ ਭਗਵਾਨ ਚੰਗਾ।
ਜੇਕਰ ਕੁਰਸੀ ਹੀ ਮੰਜ਼ਲ-ਮਕਸੂਦ ਬਣ ਜੇ ਮਾੜਾ ਵੇਚਣ ਨਹੀਂ ਧਰਮ-ਈਮਾਨ ਚੰਗਾ।
ਜਿਹੜੀ ਪਾਰਟੀ ਕੁਰਸੀ ਦੀ ਪੁਸ਼ਤ ਤੋਰੇ ਪੱਲਾ ਓਸਦਾ ਕਦੇ ਨਾ ਛੱਡੀਏ ਜੀ!
ਲੰਗਰ ਛਕੇ ਜਿਸ ਤੀਰਥ ਜਾ ਰਾਹੁਲ ਵਰਗਾ ਮਟਰ ਓਸੇ ਤੇ ਜਾਇਕੇ ਕੱਢੀਏ ਜੀ!!

ਹਿੱਕ ਥਾਪੜੀ ਕਿਹਾ ਵਿਸਵਿੰਦਰ ਸਿੰਘ ਨੇ ਅੱਜ ਕੱਲ੍ਹ ਭਾਜਪਾ ਟਿਕਟਾਂ ਨੀਲਾਮ ਕਰਦੀ।
ਏਸੇ ਲਈ ਅਸਤੀਫ਼ਾ ਮੈਂ ਹਈ ਦਿੱਤਾ ਗੱਲ ਈਹਾ ਸੀ ਨੀਂਦਰ ਹਰਾਮ ਕਰਦੀ।
ਮਾੜਾ ਵੇਖ ਮੈਂ ਕੀਤਾ ਨਹੀਂ ਆਪ ਮਾੜਾ ਐਂਵੇਂ ਤੀਂਵੀਂ ਗੁਮਾਨੀ ਬਦਨਾਮ ਕਰਦੀ।
ਨੇੜੇ ਹੋ ਮੈਂ ਡਿੱਠਾ ਵਸੁੰਧਰਾ ਨੂੰ ਬੋਲੀ ਆਪ ਵੇਖੀਂ ਮੈਂ ਸ਼ਰ੍ਹੇ-ਆਮ ਕਰਦੀ।
ਫ਼ੱਕਰ ਕਿਹਾ—ਵਿਸਵਿੰਦਰਾ ਸਮਝ ਚੱਲੋ ਰਲੀਏ ਕਦੇ ਨਾ ਪਾਰਟੀ ਮਾੜੀ ਦੇ ਵਿੱਚ!
ਹੱਥ ਦੇਣ ਨੂੰ ਲੱਭੀਏ ਹੋਰ ਥਾਂਓਂ ਹੱਥ ਦੇਈਏ ਨਾ ਕਦੇ ਘਲਾੜੀ ਦੇ ਵਿੱਚ!!

ਸਿਫ਼ਤਾਂ ਕੌਮਾਂ ਦੀਆਂ ਫ਼ੱਕਰਾ ਲੱਖ ਹੋਵਣ ਸਿਫ਼ਤ ਵੱਖਰੀ ਇੱਕ ਪੰਜਾਬੀਆਂ ਦੀ।
ਗੁਰੂਆਂ ਪੀਰਾਂ ਅਵਤਾਰਾਂ ਨਾ ਕਹੇ ਲੱਗੀ ਗਿਣਤੀ ਵੱਖਰੀ ਇਹਨਾਂ ਹਿਸਾਬੀਆਂ ਦੀ।
ਮੂੰਹ-ਜੋੜ ਮੂੰਹ-ਤੋੜ ਮੂੰਹ-ਜ਼ੋਰ ਏਨੇ ਤਾਬ ਅਉਖੜੀ ਝੱਲਣੀ ਤਾਬੀਆਂ ਦੀ।
ਸਿਰਜਣ ਇਹ ਇਤਿਹਾਸ ਤੇ ਘਰ ਸਿਰਜਣ ਸਾਰ ਰੱਖਣ ਨਾ ਐਪਰ ਇਹ ਚਾਬੀਆਂ ਦੀ
ਪੁੱਛਿਆ ਕਿਸੇ-ਪੰਜਾਬੀਆਂ ਸਿਫ਼ਤ ਦੱਸੋ ਰੰਗ ਆਪਣਾ ਕਿਵੇਂ ਦਿਖਾਂਵਦੇ ਇਹ!
ਕਿਹਾ—ਲੀਡਰ ਬਣਾ ਹਾਥੀ ਚਾੜ੍ਹਦੇ ਨੇ ਲਾਹ ਕੇ ਗਧੇ ਤੇ ਫੇਰ ਬਿਠਾਂਵਦੇ ਇਹ!!

ਫਤਿਹ ਜ਼ੋਰਾਵਰ ਜਿੱਥੇ ਸ਼ਹੀਦ ਹੋਏ ਫਤਿਹਗੜ੍ਹ ਬਣ ਉਹ ਮਸ਼ਹੂਰ ਹੋਇਆ।
ਪਿਛਲੇ ਦਿਨੀਂ ਇੱਕ ਐਸਾ ਹਨੇਰਾ ਝੁੱਲਾ ਏਨਾ ਨੇੜ ਸੀ ਸਿੱਖਾਂ ਤੋਂ ਦੂਰ ਹੋਇਆ।
ਓਥੇ ਪਹੁੰਚਗੀ ਰਾਸ਼ਟਰੀ ਸਿੱਖ ਸੰਗਤ ਚਕਨਾਚੌਂਧ ਪੰਥ ਚਕਨਾਚੂਰ ਹੋਇਆ।
ਭਗਵੇਂ ਟੋਲਿਆਂ ਨੂੰ ਮਿਲੇ ਸਿਰੋਪਾਓ ਕੁਝ ਤਾਂ ਮਾਮਲਾ ਗੜਬੜ ਜ਼ਰੂਰ ਹੋਇਆ।
ਕਿਸੇ ਪੁੱਛਿਆ—ਸਿੰਘ ਜੀ ਕੀ ਹੋਇਆ? ਕੀ ਹੋ ਗਿਐ ਥੋਡੇ ਮੁੱਛਹਿਰਿਆਂ ਨੂੰ!
ਕੋਈ ਬੋਲਿਆ—ਨੀਕਰ ਚਲਾਕ ਨਿੱਕਲੀ ਵਿੱਚੋਂ ਵਿੱਚ ਦੀ ਪੈਗੀ ਕਛਹਿਰਿਆਂ ਨੂੰ!!

(1 ਦਸੰਬਰ, 08)

## 37.

ਪ੍ਰਗਿਆ ਸਾਧਣੀ ਵੱਡਾ ਇਤਰਾਜ਼ ਕੀਤਾ—ਮੈਨੂੰ ਸੀ. ਡੀ. ਅਸ਼ਲੀਲ ਦਿਖਾਈ ਕਾਹਤੋਂ?
ਏ. ਟੀ. ਐਸ. ਨੇ ਮੇਰੇ ਨਾਲ ਕਰੀ ਮਾੜੀ ਜੁੱਤੀ ਮੇਰੇ ਤੇ ਇਸਤਰ੍ਹਾਂ ਵ੍ਹਾਈ ਕਾਹਤੋਂ?
ਦਿੱਤਾ ਮਿੱਠਾ ਨਾ ਖਾਣ ਦਿਹਾਰ ਉੱਤੇ ਨ੍ਹੇਰੇ ਵਿਚ ਦੀਵਾਲੀ ਮੰਨਵਾਈ ਕਾਹਤੋਂ?
ਇਕ ਤਾਂ ਰੋਕਿਆ ਮੈਨੂੰ ਰਮਾਇਣ ਪੜ੍ਹਨੋਂ ਦੂਜਾ ਉੱਤੋਂ ਦੀ ਗਾਲ੍ਹ ਵਰ੍ਹਾਈ ਕਾਹਤੋਂ?
ਮੰਗਿਆ ਕੋਕਾ 'ਮਕੋਕਾ' ਈ ਠੋਕ ਦਿੱਤਾ ਨਾਲੇ ਕਿਹਾ ਕਿ ਪੁੱਠੀ ਲਟਕਾ ਦਿਆਂਗੇ?
ਮੰਨੀ ਗੱਲ ਨਾ ਜੇ ਸਾਊ ਮਾਂ ਬਣ ਕੇ ਕੇਸ ਨਸ਼ੇ ਦਾ ਪੁੱਤ ਤੇ ਪਾ ਦਿਆਂਗੇ?



ਪਾਇਆ ਯੋਗ ਦੇ ਝੰਡੇ ਦੇ ਵਿਚ ਡੰਡਾ ਰਾਮਦੇਵ ਨੇ ਛੱਡ ਜੈਕਾਰਿਆਂ ਨੂੰ।
ਬਾਣ ਮਾਰਿਆ ਕਿਵੇਂ ਕ੍ਰਿਕਟਰਾਂ ਨੂੰ ਬਰਛੀ ਵਿੰਨ੍ਹਵੀਂ ਫਿਲਮੀ ਸਿਤਾਰਿਆਂ ਨੂੰ।
ਸਾਫ਼ਟ-ਡਰਿੰਕਸ ਨੂੰ ਤੁਸੀਂ ਮਸ਼ਹੂਰ ਕੀਤੈ ਜੰਕ-ਫੂਡ ਵਰਤਾਉਂਦੇ ਹੋ ਸਾਰਿਆਂ ਨੂੰ।
ਮੇਰਾ ਇਕ ਵੀ ਆਸਣ ਪਸੰਦ ਨਾਹੀ ਥੋਨੂੰ ਵਿਆਹਿਆਂ ਤੇ ਨਾ ਹੀ ਕੁਆਰਿਆਂ ਨੂੰ।
ਮਾਂ ਸੰਸਕ੍ਰਿਤੀ ਪਿਓ ਧਰਮ ਭੁਲਾ ਮਾਪੇ ਤੁਸਾਂ ਦੇ ਪੈਪਸੀ-ਕੋਕ ਬਣ ਗਏ।
ਚਿੱਪਸਾਂ-ਪੱਤਿਆਂ ਲਈ ਪੌਂਡੇ ਲਾਉਣ ਵਾਲੇ ਰਹੇ ਭਾਰਤੀ ਨਾ ਤੁਸੀਂ ਬੋਕ ਬਣ ਗਏ।

ਵੇਖੋ ਮੱਕੜ ਜੀ ਕਿੰਨੇ ਨਿਹਾਲ ਹੋਏ ਚੌਥੀ ਵੇਰ ਜੁ ਮੱਕੜਾ ਮਾਰਿਆ ਈ।
ਸ਼ਹਿਰੀ ਹੋਣ ਦਾ ਮਿਲਿਆ ਸੁ ਲਾਭ-ਲਾਹਾ ਏਸੇ ਗੱਲ ਨੇ ਪਾਰ ਉਤਾਰਿਆ ਈ।
ਆਕਾ ਵਿਚਦੀ ਅਡਵਾਨੀ ਪ੍ਰਵੇਸ਼ ਕੀਤਾ ਤਾਂਹੀਏ ਚੱਜ ਥੀਂ ਝੱਲ ਖਿਲਾਰਿਆ ਈ।
'ਯਾਦਗਾਰ ਸ਼ਹੀਦਾਂ ਦੀ ਨਹੀਂ ਬਣਨੀ' ਪਹਿਲੋਂ ਚੋਣ ਤੋਂ ਮੁੱਖੋਂ ਉਚਾਰਿਆ ਈ।
ਜੇਕਰ ਸਿੱਖਾਂ ਨੂੰ ਸਮੇਂ ਤੇ ਸੁਰਤ ਆਗੀ ਪੰਜਵੀਂ ਵੇਰ ਦਾ ਯੱਭ ਮੁਕਾ ਦੇਸਣ।
ਸਿੱਧੀ ਚਲਦੀ ਲੁਧਿਆਣੇ ਨੂੰ ਬੱਸ-ਸੇਵਾ ਅੰਮ੍ਰਿਤਸਰੋਂ ਫਿਰ ਟਿਕਟ ਕਟਾ ਦੇਸਣ।

ਏ. ਟੀ. ਐਮ. ਚੱਲੀ ਨਵੀਂ ਵਿਚ ਭਾਰਤ ਦੁੱਧ ਚੋਊਗਾ ਕਹਿੰਦੇ ਮਸ਼ੀਨ ਵਿੱਚੋਂ।
ਜਿੱਥੇ ਰੱਖਣਗੇ ਰਹੂਗੀ ਗਾਂ ਬੱਧੀ ਘਾਹ ਚਰੂ ਨਾ ਖੇਤ—ਜ਼ਮੀਨ ਵਿੱਚੋਂ।
ਡਰ-ਡੁੱਕਰ ਨਾ ਕਿਸੇ ਵੀ ਰੋਗ ਸੰਦਾ ਜ਼ਹਿਰ ਮਿਲੂ ਨਾ ਕਿਉਂਕਿ ਨਦੀਨ ਵਿਚੋਂ।
ਕਾਰਡ ਪਾਇਕੇ ਕੱਢਣਗੇ ਝੱਟ ਬੋਤਲ ਖੁਸ਼ੀ ਹੋਣਗੇ ਪੀ ਸ਼ੌਕੀਨ ਵਿੱਚੋਂ।
ਗਊ-ਮਾਤਾ ਦਾ ਘਟੂ ਪਰ ਬਹੁਤ ਆਦਰ ਧੱਕੇ ਮਾਤਾ ਨੂੰ ਲੋਕਾਂ ਨੇ ਮਾਰਨੇ ਨੇ।
ਵਾਗੀ ਬੇਰੁਜ਼ਗਾਰਾਂ ਦੇ ਵੱਗ ਹੋਸਣ ਵੱਗ ਗਊਆਂ ਦੇ ਮੋਇਆਂ ਨੇ ਚਾਰਨੇ ਨੇ?

(7 ਦਸੰਬਰ, 08)

## 38.

ਐਨ.ਆਰ. ਆਈ. ਸੰਮੇਲਨ ਵਿਚ ਕੀ ਬੀਤੀ ਚੰਗੀ ਸ਼ੱਕਰ-ਘਿਓ ਰਲੀ ਪ੍ਰਵਾਸੀਆਂ ਨੂੰ।
ਗਏ ਕੁੱਤਿਆਂ-ਰੌਲ਼ੇ ਦੇ ਵਿੱਚ ਮੱਥੇ ਟੇਕੇ ਚਾਓ ਦੇ ਨਾਲ ਜੋ ਮਾਸੀਆਂ ਨੂੰ।
ਅੱਗੇ ਜਾਂਦਿਆਂ ਬਾਦਲਾਂ ਪਿੱਠ ਕੀਤੀ ਸ਼ਰੇਆਮ ਹੀ ਲੁੱਟ ਲਿਆ ਹਾਸੀਆਂ ਨੂੰ।
ਥਾਂਵੇਂ ਜਸ਼ਨ ਦੇ ਗਾਲੀ-ਗਲੋਚ ਹੋਈ ਗੱਸ਼ ਮਹਿਫ਼ਲ ਵਿਚ ਪਈ ਗਲਾਸੀਆਂ ਨੂੰ।
ਜਿਹੜੇ ਆਉਂਦਿਆਂ ਨੂੰ ਰਹੇ ਹਾਰ ਪਾਉਂਦੇ ਕਿਵੇਂ ਹਾਰ ਕੇ ਮੂੰਹ ਲਮਕਾ ਆਏ।
ਉੱਤਰੇ ਜਦੋਂ ਜਹਾਜ਼ੋਂ ਤਾਂ ਲੋਕ ਆਖਣ—ਤੁਸੀਂ ਚੰਗੀਆਂ ਪੂਰੀਆਂ ਪਾ ਆਏ!!

ਵੇਸਵਾਵਾਂ ਕਲਕੱਤੇ ਵਿੱਚ ਹੱਦ ਕੀਤੀ ਸੰਸਦ ਹੇਠਾਂ ਹੈ ਜਿਹਨਾਂ ਬਣਾਈ ਸੰਸਦ।
ਜੰਮ ਜੰਮ ਆਉਣ ਸਮਲਿੰਗੀ ਤੇ ਹੀਜੜੇ ਵੀ ਕਰੂ ਹੱਕਾਂ ਲਈ ਇਹ ਰਾਹਨੁਮਾਈ ਸੰਸਦ।
ਕਰੂ ਵੇਸਵਾ ਹਿਤਾਂ ਦੀ ਐਨ੍ਹ ਰਾਖੀ ਦੇਊ ਰੁੜ੍ਹਨ ਨਾ ਐਵੇਂ ਕਮਾਈ ਸੰਸਦ।
ਲਗਦੇ ਸੈਸ਼ਨੀਂ ਕੰਮ ਦੀ ਗੱਲ ਹੋਸੀ ਸੰਸਦ ਵਾਂਗ ਨਾ ਕਰੂ ਭਕਾਈ ਸੰਸਦ।
'ਅਸੀਂ ਸੇਵਾ ਸਮਾਜ ਦੀ ਕਰੀ ਜਾਣੀ' ਨਾਅਰਾ ਸੰਸਦ ਨੇ ਵੇਖੋ ਬੁਲੰਦ ਕੀਤਾ।
ਬੰਦ ਹੋਊ ਬਾਜ਼ਾਰ-ਸਰਕਾਰ ਪਹਿਲਾਂ ਗਾਹਕ ਇਕ ਵੀ ਸਾਡਾ ਜੇ ਬੰਦ ਕੀਤਾ!!

ਵੇਖੋ ਕ੍ਰਿਪਾ ਪੰਜਾਬ ਸਰਕਾਰ ਸੰਦੀ ਕਿਵੇਂ ਕੈਬਨਿਟ ਵਾਲੜੇ ਰੈਂਕ ਵਰਤਣ।
ਮਾਤ ਕੀਤਾ ਅਮਰੀਕਾ ਨੂੰ ਆਣ ਕਰਕੇ ਜੀਹਦੇ ਵਿੱਚ ਇਰਾਕ ਦੇ ਟੈਂਕ ਵਰਤਣ।
ਦੋਸ਼ ਮੰਦੇ ਦਾ ਚੀਨ ਜਪਾਨ ਕਾਹਦਾ ਜਿਹਨਾਂ ਵਾਂਗ ਛਬੀਲਾਂ ਦੇ ਬੈਂਕ ਵਰਤਣ।
ਮਿਹਣਾ ਇਸ਼ਕ ਦਾ ਭਾਰਤ ਨੂੰ ਭਲਾ ਕਾਹਦਾ ਜਿਥੇ ਬਿਨਾਂ ਹਿਸਾਬ ਦਿਲ-ਫੈਂਕ ਵਰਤਣ।
ਕਿਹੜੇ ਮਿਹਣੇ ਦੀ ਗੱਲ ਤੂੰ ਕਰੇਂ ਫ਼ੱਕਰ? ਹੁੰਦਾ ਮਿਹਣਾ ਕੀ ਭਲਾ ਦੁਆਲੀਆਂ ਨੂੰ।
ਕੁਰਸੀ ਖਾਤਰ ਵਿਚਾਰੇ ਜੇ ਰੈਂਕ ਵੰਡਣ ਮਿਹਣਾ ਦੇਈਏ ਨਾ ਕਦੇ ਅਕਾਲੀਆਂ ਨੂੰ!

ਵਹੁਟੀ 'ਆਈਕੋ' ਬਣਾਈ ਹੈ 'ਲੀ' ਕੇਹੀ ਸਾਰੇ ਕੰਮ ਤੁਸਾਡੜੇ ਕਰੇਗੀ ਇਹ।
ਕੀ ਜੇ ਹੈ ਨਕਲੀ ਸਾਰੂ ਕੰਮ ਸਾਰੇ ਘਾਪੇ ਅਸਲੀਆਂ ਦੇ ਸਾਰੇ ਭਰੇਗੀ ਇਹ।
ਸੋਹਣੀ ਸੇਜ ਵਿਛਾਇ ਨਿਹਾਲ ਕਰਸੀ ਅੱਗੇ ਖਾਣਾ ਬਣਾਇ ਕੇ ਧਰੇਗੀ ਇਹ।
ਉੱਚਾ ਬੋਲੋਂਗੇ ਤਾਂ ਵੀ ਮੁਸਕਾਏਗੀ ਇਹ ਅੱਗੋਂ ਅਸਲੀਆਂ ਵਾਂਗ ਨਾ ਵਰ੍ਹੇਗੀ ਇਹ।
'ਆਈਕੋ' ਜਦੋਂ ਸਟੋਰਾਂ ਤੇ ਆਮ ਆ ਗੀ ਛੜਿਆਂ ਘਰੀਂ ਪਰੌਂਠਿਆਂ ਪੱਕਣਾ ਹੈ।
ਰੁੱਸੇ ਗੁੱਸੇ ਜਦ ਕਿਸੇ ਦੀ ਹੋਊ ਵਹੁਟੀ ਨਹੀਓਂ ਮੋੜਨਾ ਬਾਹਰ ਉਸ ਧੱਕਣਾ ਹੈ!!

(29 ਦਸੰਬਰ, 08)

*****